ਅਜ਼ਰਾ

ਅਜ਼ਰਾ ਅਤੇ ਨਹਮਯਾਹ ਦੀਆਂ ਕਿਤਾਬਾਂ ਬਹੁਤ ਉਪਯੋਗੀ ਹਨ, ਕਿਉਂ ਜੋ ਉਨ੍ਹਾਂ ਨਾਲ ਪਰਮੇਸ਼ੁਰ ਦੇ ਨੇਮ ਦੇ ਲੋਕਾਂ ਦਾ ਪੁਰਾਣੇ ਨੇਮ ਦਾ ਇਤਹਾਸਕ ਲੇਖਾ ਜੋਖਾ ਪੂਰਾ ਹੁੰਦਾ ਹੈ। ਉਨ੍ਹਾਂ ਤੋਂ ਬਿਨਾਂ ਸਾਨੂੰ ਇਸ ਦਾ ਬਹੁਤ ਘੱਟ ਪਤਾ ਲਗਣਾ ਸੀ ਕਿ ਯਹੂਦੀਆਂ ਵੱਲੋਂ ਬਾਬਲ ਦੀ ਅਸੀਰੀ ਵਿਚ ਬਿਤਾਏ ਗਏ ਵਰ੍ਹਿਆਂ ਤੋਂ ਬਾਅਦ ਉਨ੍ਹਾਂ ਨਾਲ ਕੀ-ਕੀ ਵਾਪਰਿਆ।

ਇਹ ਪੱਕੀ ਗੱਲ ਹੈ ਕਿ ਇਹ ਦੋਵੇਂ ਕਿਤਾਬਾਂ ਇਤਹਾਸਕ ਜਾਣਕਾਰੀ ਦੇਣ ਨਾਲੋਂ ਕਿਤੇ ਵੱਧ ਕਰਦੀਆਂ ਹਨ। ਦੋਵੇਂ ਮਿਲ ਕੇ ਸਾਨੂੰ ਇਹ ਸਮਝਣ ਵਿਚ ਮਦਦ ਕਰਦੀਆਂ ਹਨ ਕਿ ਬੁੱਤਪ੍ਰਸਤੀ ਤੋਂ ਰਾਹਤ ਪਾਈ ਕੌਮ ਨੂੰ ਸੰਭਾਲੀ ਰੱਖਣ ਲਈ ਖ਼ੁਦਾ ਨੇ ਅਜ਼ਰਾ, ਨਹਮਯਾਹ ਅਤੇ ਹੋਰਨਾਂ ਯਹੂਦੀ ਆਗੂਆਂ ਦੇ ਰਾਹੀਂ ਕਿਵੇਂ ਕੰਮ ਕੀਤਾ। ਉਹ ਅਜ਼ਰਾ ਦੇ ਸਮੇਂ ਦੇ ਯਹੂਦੀਆਂ ਨੂੰ ਯਹੋਵਾਹ ਨਾਲ ਬੰਨ੍ਹੇ ਗਏ ਨੇਮ ਨਾਲ ਜੁੜੇ ਲੋਕਾਂ ਦੇ ਰੂਪ ਵਿਚ ਭਾਵ ਉਨ੍ਹਾਂ ਲੋਕਾਂ ਦੇ ਰੂਪ ਵਿਚ ਵਿਖਾਉਂਦੀਆਂ ਹਨ ਜਿਨ੍ਹਾਂ ਦੀ ਧਾਰਮਿਕ ਜ਼ਿੰਦਗੀ ਸ਼ਰ੍ਹਾ ਅਤੇ ਹੈਕਲ ਉੱਤੇ ਕੇਂਦ੍ਰਿਤ ਸੀ ਅਤੇ ਜਿਨ੍ਹਾਂ ਦੇ ਰਾਹੀਂ ਖ਼ੁਦਾ ਨੇ ਅਖ਼ੀਰ ਵਿਚ ਮਸੀਹਾ ਨੂੰ ਸੰਸਾਰ ਵਿਚ ਲਿਆਉਣਾ ਸੀ। ਇਨ੍ਹਾਂ ਕਿਤਾਬਾਂ ਵਿਚ ਇਸ ਗੱਲ ਦਾ ਵਰਣਨ ਮਿਲਦਾ ਹੈ ਕਿ ਖ਼ੁਦਾ ਨੇ ਆਪਣੇ ਲੋਕਾਂ ਵਿਚ ਬੇਦਾਰੀ ਕਿਵੇਂ ਲਿਆਂਦੀ ਜਿਸ ਵਿਚ ਉਨ੍ਹਾਂ ਦੀ (1) ਵਤਨ ਵਾਪਸੀ, (2) ਹੈਕਲ ਨੂੰ ਮੁੜ ਤੋਂ ਬਣਾਉਣਾ ਅਤੇ (3) ਆਪਣੇ ਪਾਪਾਂ ਤੋਂ ਤੋਬਾ ਕਰਨਾ ਸ਼ਾਮਿਲ ਸੀ।

ਨਾਮ ਅਤੇ ਵਰਗੀਕਰਣ

ਅਜ਼ਰਾ ਦੀ ਕਿਤਾਬ ਨੂੰ ਇਹ ਨਾਂਅ ਇਸ ਦੇ ਮੁੱਖ ਪਾਤਰ ਅਜ਼ਰਾ ਕਰਕੇ ਦਿੱਤਾ ਗਿਆ ਜਿਹੜਾ ''ਜਾਜਕ'' ਅਤੇ ''ਗ੍ਰੰਥੀ'' ਸੀ (7:11)। ਬਾਬਲ ਦੀ ਅਸੀਰੀ ਤੋਂ ਯਹੂਦੀਆਂ ਦੇ ਪਹਿਲੀ ਵਾਰ ਵਾਪਸ ਆਉਣ ਤੋਂ ਕੋਈ ਅੱਸੀ ਕੁ ਸਾਲਾਂ ਬਾਅਦ ਉਹ ਖ਼ੁਦਾ ਦੀ ਸ਼ਰ੍ਹਾ ਨੂੰ ਸਿਖਾਉਣ ਅਤੇ ਯਹੂਦੀਆਂ ਵੱਲੋਂ ਇਸ ਨੂੰ ਮੰਨੇ ਜਾਣ ਲਈ ਬਾਬਲ ਤੋਂ ਯਰੂਸ਼ਲਮ ਨੂੰ ਯਹੂਦੀਆਂ ਦੀ ਇਕ ਟੁਕੜੀ ਨੂੰ ਨਾਲ ਲੈ ਗਿਆ (7:7-26)।

ਯਹੂਦੀ ਰਵਾਇਤ ਮੁਤਾਬਕ ਅਜ਼ਰਾ ਯਾਜਕ ਅਤੇ ਗ੍ਰੰਥੀ ਨਾਲੋਂ ਕਿਤੇ ਵਧਕੇ ਹੈ। ਲਿਖਤੀ ਸ਼ਰ੍ਹਾ ਲਈ ਨਿੱਜੀ ਤੌਰ ਤੇ ਲਿਖਵਾਉਣ ਕਰਕੇ ਉਸ ਨੂੰ ਲਗਭਗ ਦੂਜਾ ਮੂਸਾ ਮੰਨਿਆ ਜਾਂਦਾ ਹੈ। ਬਾਈਬਲ ਦੇ ਬਾਹਰ ਦੇ ਲੇਖਾਂ ਵਿਚ ਉਸ ਨੂੰ ਪੁਰਾਣੇ ਨੇਮ ਦੀਆਂ ਚੌਵ੍ਹੀ ਕਿਤਾਬਾਂ ਸਣੇ, ਬਾਬਲ ਦੀ ਜਲਾਵਤਨੀ ਵਿਚ ਗੁਆਚ ਗਈਆਂ ਕਿਤਾਬਾਂ ਦੀ ਥਾਂ ਚੁਰਾਨਵੇਂ ਕਿਤਾਬਾਂ ਲਿਖਵਾਉਣ ਦਾ ਸਿਹਰਾ ਦਿੱਤਾ ਜਾਂਦਾ ਹੈ।[1] ਜਿਸ ਕਰਕੇ ਉਹ ''ਮੁੱਢਲੇ ਚਰਣਾਂ ਤੋਂ ਲੈ ਕੇ ਮਹਾਨ ਰੱਬੀਆਂ ਦੇ ਮੋਹਰੀਆਂ ਤਕ ਦੀ ਯਹੂਦੀ ਰਵਾਇਤ ਨੂੰ ਸਾਂਭਣ ਵਾਲਾ'' ਬਣ ਗਿਆ ਅਤੇ ਇਸੇ ਕਰਕੇ ਉਸ ਨੂੰ ''ਕੁਝ ਹੱਦ ਤਕ ਮੂਸਾ ਵਰਗੀ ਅਹਿਮੀਅਤ ਹੀ'' ਦਿੱਤੀ ਜਾਂਦੀ ਹੈ।[2] ਇਸ ਰਵਾਇਤ ਨੂੰ ਭਾਂਵੇਂ ਪੂਰੀ ਤਰ੍ਹਾਂ ਨਾਲ ਸਹੀ ਨਹੀਂ ਮੰਨਿਆ ਜਾ ਸਕਦਾ ਪਰ ਇਹ ਹੋ ਸਕਦਾ ਹੈ ਕਿ ਅਜ਼ਰਾ ਨੇ ਪਵਿੱਤਰ ਲਿਖਤਾਂ ਨੂੰ ਇਕੱਠੇ ਕਰਨ ਵਿਚ ਮਦਦ ਕੀਤੀ ਹੋਵੇ ਜੋ ਪੁਰਾਣਾ ਨੇਮ ਬਣ ਗਈਆਂ।

ਸਾਡੀ ਬਾਈਬਲ ਵਿਚ ਅਜ਼ਰਾ ਅਤੇ ਨਹਮਯਾਹ ਦਾ ਵਰਗੀਕਰਣ ''ਇਤਹਾਸ'' ਦੀਆਂ ਕਿਤਾਬਾਂ ਵਿਚ ਸ਼ਾਮਲ ਕੀਤਾ ਜਾਂਦਾ ਹੈ। ਦੂਜੇ ਪਾਸੇ ਇਬਰਾਨੀ ਬਾਈਬਲ ਵਿਚ ਅਜ਼ਰਾ ਅਤੇ ਨਹਮਯਾਹ

''ਲਿਖਤਾਂ'' (*ਕੇਥੁਬਿਮ* ਜਾਂ *ਹੇਗਿਓਗ੍ਰਾਫ਼ਾ*) ਵਿਚ ਮਿਲਦੀਆਂ ਹਨ। ਇਬਰਾਨੀ ਬਾਈਬਲ ਦੇ ਦੂਜੇ ਦੋ ਭਾਗ ''ਸ਼ਰ੍ਹਾ'' ਅਤੇ ''ਨਬੀ'' ਹਨ। ''ਸ਼ਰ੍ਹਾ'' ਜਾਂ ''ਤੁਰੇਤ'' ਵਿਚ ਪੁਰਾਣੇ ਨੇਮ ਦੀਆਂ ਪਹਿਲੀਆਂ ਪੰਜ ਕਿਤਾਬਾਂ ਹਨ। ਇਸ ਨੂੰ ਪੰਚਗ੍ਰੰਥ ਵੀ ਕਿਹਾ ਜਾਂਦਾ ਹੈ ਜਿਸ ''ਨਬੀ'' ਜਾਂ ''*ਨਬੀਈਮ*''ਵਿਚ ''ਪਹਿਲੇ ਨਬੀ'' (ਯਹੋਸ਼ੁਆ, ਨਿਆਈਆਂ, ਸਮੂਏਲ, ਰਾਜਿਆਂ) ਅਤੇ ''ਬਾਅਦ ਵਾਲੇ ਨਬੀ'' (ਯਸਾਯਾਹ, ਯਿਰਮਿਯਾਹ, ਹਿਜ਼ਕੀਏਲ ਅਤੇ ''ਬਾਰਾਂ'' [ਛੋਟੇ ਨਬੀ] ਹਨ)। ਜਿਸ ਭਾਗ ਨੂੰ ''ਲਿਖਤਾਂ'' ਕਿਹਾ ਗਿਆ ਹੈ ਉਸ ਵਿਚ ਪੁਰਾਣੇ ਨੇਮ ਦੀਆਂ ਬਾਕੀ ਸਭ ਕਿਤਾਬਾਂ ਹਨ।

ਦੂਜੀਆਂ ਕਿਤਾਬਾਂ ਨਾਲ ਸਬੰਧ

ਅਜ਼ਰਾ, ਨਹਮਯਾਹ ਅਤੇ ਇਤਹਾਸ ਦਾ ਸਬੰਧ

ਪਹਿਲੀਆਂ ਹੱਥਲਿਖਤਾਂ ਤੋਂ ਸੰਕੇਤ ਮਿਲਦਾ ਹੈ ਕਿ ਅਜ਼ਰਾ ਅਤੇ ਨਹਮਯਾਹ ਇੱਕੋ ਹੀ ਕਿਤਾਬ ਮੰਨੀਆਂ ਜਾਂਦੀਆਂ ਸਨ।[3] ਅਜ਼ਰਾ 10 ਦੇ ਅਖ਼ੀਰ ਅਤੇ ਨਹਮਯਾਹ 1 ਦੇ ਸ਼ੁਰੂ ਵਿਚ ਮਿਜ਼ੋਰੀ ਲਿਖਤ (MT) ਵਿਚ ਗ੍ਰੰਥੀਆਂ ਨੇ ਕੋਈ ਥਾਂ ਨਹੀਂ ਛੱਡੀ ਅਤੇ ਨਹਮਯਾਹ ਦੇ ਅਖ਼ੀਰ ਵਿਚ ਦੋਹਾਂ ਲਈ ਆਂਕੜੇ ਮੁਹੱਈਆ ਕਰਵਾਏ ਗਏ।[4] ਹੋਰ ਯਹੂਦੀ ਲਿਖਤਾਂ ਵਿਚ ਵੀ ਦੋਹਾਂ ਨੂੰ ਇੱਕੋ ਹੀ ਕਿਤਾਬ ਮੰਨਿਆ ਜਾਂਦਾ ਸੀ।[5]

ਅਜ਼ਰਾ ਅਤੇ ਨਹਮਯਾਹ ਦੋਵੇਂ ਰਲ ਕੇ ਇਤਹਾਸ ਦੀ ਇੱਕੋ ਕਿਤਾਬਾਂ (ਅਤੇ ਪੰਜਾਬੀ – ਅਨੁਵਾਦਕ) ਹਨ। ਪਰ ਇਬਰਾਨੀ ਬਾਈਬਲ ਵਿਚ ਅਜ਼ਰਾ ਅਤੇ ਨਹਮਯਾਹ ਇਤਹਾਸ ਤੋਂ ਪਹਿਲਾਂ ਆਉਂਦੀਆਂ ਹਨ। ਇਸ ਕਰਕੇ ਇਬਰਾਨੀ ਬਾਈਬਲ ਵਿੱਚੋਂ ਪੜ੍ਹਨ ਵਾਲੇ ਨੂੰ ਪੰਜਾਬੀ ਬਾਈਬਲ ਵਾਂਗ ਸਿੱਧੇ ਇਤਹਾਸ ਤੋਂ ਬਾਅਦ ਅਜ਼ਰਾ ਪੜ੍ਹਨ ਨੂੰ ਨਹੀਂ ਮਿਲਦਾ।

ਇਤਹਾਸ ਦੀਆਂ ਕਿਤਾਬਾਂ ਨਾਲ ਸਬੰਧਿਤ ਇਤਹਾਸ ਅਜ਼ਰਾ ਅਤੇ ਨਹਮਯਾਹ ਵਿਚ ਅੱਗੇ ਚਲਦਾ ਹੈ। ਅਸਲ ਵਿਚ 2 ਇਤਹਾਸ ਦੀਆਂ ਆਖ਼ਰੀ ਦੋ ਅਇਤਾਂ ਅਜ਼ਰਾ ਦੀਆਂ ਪਹਿਲੀਆਂ ਢਾਈ ਆਇਤਾਂ ਨਾਲ ਮੇਲ ਖਾਂਦੀਆਂ ਹਨ। ਇਕ ਅਰਥ ਵਿਚ ਇਨ੍ਹਾਂ ਕਿਤਾਬਾਂ ਨਾਲ ਉਤਪਤ ਦੀ ਕਿਤਾਬ ਤੋਂ ਲੈ ਕੇ ਰਾਜਿਆਂ ਦੀਆਂ ਕਿਤਾਬਾਂ ਵਿਚਲੇ ਇਤਹਾਸ ਦਾ ਬਦਲਵਾਂ ਵੇਰਵਾ ਮਿਲਦਾ ਹੈ। ਇਸ ਬਦਲਵੇਂ ਇਤਹਾਸ ਦਾ ਅਰੰਭ (ਉਨ੍ਹਾਂ ਵੰਸ਼ਾਵਲੀਆਂ ਦੇ ਰਾਹੀਂ ਜਿਨ੍ਹਾਂ ਨਾਲ ਇਤਹਾਸ ਦੀ ਕਿਤਾਬ ਅਰੰਭ ਹੁੰਦੀ ਹੈ) ਆਦਮ ਨਾਲ ਹੁੰਦਾ ਹੈ; ਇਹ 2 ਰਾਜਿਆਂ ਵਾਂਗ ਬਾਬਲ ਦੀ ਜਲਾਵਤਨੀ ਦੇ ਸ਼ੁਰੂ ਤਕ ਜਾਂਦੀ ਹੈ (2 ਇਤਹਾਸ 36), ਅਤੇ ਫਿਰ ਯਹੂਦੀਆਂ ਦੇ ਅਸੀਰੀ ਤੋਂ ਆਪਸ ਆਉਣ ਅਤੇ ਉਸ ਦੇ ਬਾਅਦ ਦੇ ਸਮੇਂ ਬਾਰੇ ਦੱਸਦਿਆਂ (ਅਜ਼ਰਾ/ਨਹਮਯਾਹ) ਰਾਜਿਆਂ ਤੋਂ ਅੱਗੇ ਚਲਦੀ ਹੈ।

1 ਏਸਡ੍ਰਾਸ ਦੀ ਅਪ੍ਰਮਾਣਿਕ ਪੁਸਤਕ ਨਾਲ ਅਜ਼ਰਾ ਅਤੇ ਨਹਮਯਾਹ ਦਾ ਸਬੰਧ

ਅਜ਼ਰਾ ਅਤੇ ਨਹਮਯਾਹ ਨੂੰ 1 ਏਸਡ੍ਰਾਸ ਦੀ ਅਪ੍ਰਮਾਣਿਕ ਪੁਸਤਕ ਨਾਲ ਵੀ ਜੋੜਿਆ ਜਾਂਦਾ ਹੈ (''ਏਸਡ੍ਰਾਸ'' ਇਬਰਾਨੀ ਨਾਮ ''ਅਜ਼ਰਾ'' ਦਾ ਯੂਨਾਨੀ ਸਮਾਨ ਅਰਥੀ ਸ਼ਬਦ ਹੈ)।[6] *ਦ ਨਿਊ ਆਕਸਫ਼ੋਰਡ ਐਨੋਟੇਟਡ ਬਾਈਬਲ* ਦੀ ਇਕ ਜਾਣ-ਪਛਾਣ ਵਿਚ ਕਿਹਾ ਗਿਆ ਹੈ:

> ਯਰੂਸ਼ਲਮ ਵਿਚ ਯੋਸਿਯਾਹ ਬਾਦਸ਼ਾਹ ਵੱਲੋਂ ਮਨਾਏ ਗਏ ਵੱਡੇ ਪਸਾਹ ਦਾ ਵੇਰਵਾ ਦਿੰਦਿਆਂ ਥੋੜ੍ਹੇ ਰੁੱਖੇ ਢੰਗ ਨਾਲ ਸ਼ੁਰੂਆਤ ਕਰਦਿਆਂ (ਲਗਭਗ 621 ਈ.ਪੂ.), ਕਿਤਾਬ 2 ਇਤਹਾਸ 35.1–36.23 ਅਜ਼ਰਾ ਦੇ ਸੁਧਾਰਾਂ ਦੇ ਵੇਰਵੇ ਦੇ ਬਾਅਦ ਇਕ ਵਾਕ ਦੇ ਵਿਚ ਜਿਹੇ ਛੱਡ ਕੇ (ਲਗਭਗ 458 ਈ.ਪੂ.) ਪੂਰੇ ਅਜ਼ਰਾ ਅਤੇ ਨਹਮਯਾਹ [7.73–8.13ੳ] ਦਾ ਸਾਰ

ਦੁਬਾਰਾ ਤੋਂ ਦਿੰਦੀ ਹੈ। ਸਮੱਗਰੀ ਦੇ ਮੁੜ ਤੋਂ ਤਰਤੀਬ ਦੇਣ ਸਮੇਂ ਅਪੋਕ੍ਰਿਫ਼ਾ ਅਤੇ ਕੈਨਨ ਦੇ ਵਿਰਤਾਂਤਾਂ ਅਤੇ ਦਾਰਾ ਦੇ ਦਰਬਾਰ ਵਿਚਲੇ ਤਿੰਨ ਜਵਾਨਾਂ [ਦੀ ਕਹਾਣੀ ਜੋੜੇ ਜਾਣ] ਵਿਚਕਾਰ ਛੋਟੇ-ਛੋਟੇ ਕਈ ਫ਼ਰਕ ਹਨ। ...[7]

1 ਏਸਡ੍ਰਾਸ ਦੀ ਕਿਤਾਬ ਜਿਵੇਂ ਨਾਂਅ ਤੋਂ ਹੀ ਸੁਝਾਅ ਮਿਲਦਾ ਹੈ ਸਿਰਫ਼ ਯੂਨਾਨੀ ਵਿਚ ਹੀ ਮੌਜੂਦ ਹੈ, ਫਿਰ ਵੀ ਇਸ ਨੂੰ ਇਬਰਾਨੀ ਹੱਥਲਿਖਤ ਦਾ ਅਨੁਵਾਦ ਮੰਨਿਆ ਜਾਂਦਾ ਹੈ।[8]

1 ਏਸਡ੍ਰਾਸ ਅਤੇ ਬਾਈਬਲ ਵਿਚਲੀਆਂ ਕਿਤਾਬਾਂ ਦਾ ਸਬੰਧ ਸਪੱਸ਼ਟ ਨਹੀਂ ਹੈ; ਹੋ ਸਕਦਾ ਹੈ ਕਿ ਇਹ ਬਾਈਬਲ ਦੀ ਸਮੱਗਰੀ ਦਾ ਅਨੁਵਾਦ ਹੋਵੇ,[9] ਜਾਂ ਇਹ ਇਬਰਾਨੀ ਹੱਥਲਿਖਤ ਹੋ ਸਕਦੀ ਹੈ ਜਿਹੜੀ ਉਸ ਨਾਲੋਂ ਜੋ ਇਬਰਾਨੀ ਬਾਈਬਲ ਵਿਚ ਹੈ, ਥੋੜ੍ਹੀ ਬਹੁਤ ਫ਼ਰਕ ਹੈ। ਅਜ਼ਰਾ ਅਤੇ ਨਹਮਯਾਹ ਦੇ ਕੈਨਨ ਵਾਲੇ ਹਿੱਸੇ ਦੇ ਔਖੇ ਹਵਾਲਿਆਂ ਨੂੰ ਸਮਝਣ ਅਤੇ ਸਮਝਾਉਣ ਵਿਚ ਮਦਦ ਲਈ ਅਨੁਵਾਦਕ ਅਤੇ ਟੀਕਾਕਾਰ ਕਈ ਵਾਰ 1 ਏਸਡ੍ਰਾਸ ਨੂੰ ਵਰਤ ਲੈਂਦੇ ਹਨ।

ਕਿਤਾਬ ਦਾ ਲਿਖਿਆ ਜਾਣਾ

ਲੇਖਕ ਅਤੇ ਮਿਤੀ

ਅਜ਼ਰਾ/ਨਹਮਯਾਹ ਅਤੇ ਇਤਹਾਸ ਦੀਆਂ ਕਿਤਾਬਾਂ ਵਿਚ ਸਮਾਨਤਾਵਾਂ ਹੋਣ ਕਰਕੇ ਆਮ ਤੌਰ ਤੇ ਇਹ ਮੰਨਿਆ ਜਾਂਦਾ ਹੈ ਕਿ ਇਤਹਾਸ ਦੀਆਂ ਕਿਤਾਬਾਂ ਦੇ ਲੇਖਕ (ਕਈ ਵਾਰ ਉਸ ਨੂੰ ''ਇਤਹਾਸਕਾਰ'' ਕਿਹਾ ਜਾਂਦਾ ਹੈ) ਨੇ ਅਜ਼ਰਾ ਅਤੇ ਨਹਮਯਾਹ ਵੀ ਲਿਖੀਆਂ,[10] ਜੋ ਅਜ਼ਰਾ ਨੂੰ ਉਸ ਵੱਡੀ ਪੁਸਤਕ ਦਾ ਹਿੱਸਾ ਬਣਾ ਦਿੰਦਾ ਹੈ ਜਿਸ ਵਿਚ ਮੂਲ ਵਿਚ ਇਤਹਾਸ, ਅਜ਼ਰਾ ਅਤੇ ਨਹਮਯਾਹ ਦੀਆਂ ਕਿਤਾਬਾਂ ਸਨ। ਇਨ੍ਹਾਂ ਸਾਰੀਆਂ ਕਿਤਾਬਾਂ ਦਾ ਲੇਖਕ ਕਈ ਵਾਰ ਅਜ਼ਰਾ ਨੂੰ ਹੀ ਮੰਨਿਆ ਜਾਂਦਾ ਹੈ।[11] ਜੇ ਲੇਖਕ ਅਜ਼ਰਾ ਸੀ ਤਾਂ ਸਾਰੀਆਂ ਹੀ ਕਿਤਾਬਾਂ ਇੱਕੋ ਵੇਲੇ ਭਾਵ 450 ਤੋਂ 425 ਈ.ਪੂ. ਦੇ ਲਗਭਗ ਲਿਖੀਆਂ ਗਈਆਂ। ਪਰ ਕੁਝ ਲੋਕ ਇਸ ਉੱਤੇ ਸਵਾਲ ਕਰਦੇ ਹਨ ਕਿ ਇਤਹਾਸ ਦੀਆਂ ਕਿਤਾਬਾਂ ਦਾ ਲੇਖਕ ਅਜ਼ਰਾ ਸੀ ਅਤੇ ਇਤਹਾਸ ਦੀਆਂ ਕਿਤਾਬਾਂ ਨੂੰ ਆਮ ਤੌਰ ਤੇ ਅਜ਼ਰਾ ਤੋਂ ਬਾਅਦ ਲਿਖੀਆਂ ਗਈਆਂ ਦੱਸਦੇ ਹਨ। ਉਦਾਹਰਣ ਲਈ ਆਰ. ਕੇ. ਹੈਰਿਸਨ ਨੇ ਨਿਚੋੜ ਕੱਢਿਆ ਕਿ ਇਤਹਾਸਕਾਰ ਅਜ਼ਰਾ ਦੀ ਥਾਂ ਕੋਈ ਹੋਰ ਸੀ, ਕਿ ''ਅਜ਼ਰਾ ਅਤੇ ਨਹਮਯਾਹ ਮੁੱਖ ਤੌਰ ਤੇ ਉਨ੍ਹਾਂ ਲਿਖਤਾਂ ਲਈ ਜ਼ਿੰਮੇਵਾਰ ਸਨ ਜਿਨ੍ਹਾਂ ਦਾ ਨਾਂਅ ਉਨ੍ਹਾਂ ਨੂੰ ਦਿੱਤਾ ਜਾਂਦਾ ਹੈ।'' ਕਈ ਲਿਖਤਾਂ ''ਲਗਭਗ 440 ਅਤੇ 430 ਈ.ਪੂ. ਵਿਚ ਲਿਖੀਆਂ ਗਈਆਂ'' ਹੋਣੀਆਂ ਚਾਹੀਦੀਆਂ ਹਨ ਅਤੇ ਇਤਿਹਾਸ ਦੀਆਂ ਕਿਤਾਬਾਂ ''ਲਗਭਗ 400 ਈ.ਪੂ. ਜਾਂ ਥੋੜ੍ਹਾ ਜਿਹਾ ਬਾਅਦ ਵਿਚ'' ਲਿਖੀਆਂ ਗਈਆਂ ਹੋਣੀਆਂ ਚਾਹੀਦੀਆਂ ਹਨ।[12]

ਜੇ ਇਤਹਾਸ ਦੀ ਕਿਤਾਬ ਅਜ਼ਰਾ ਨੇ ਨਾ ਲਿਖੀ ਹੁੰਦੀ, ਤਾਂ ਇਸ ਤੱਥ ਨਾਲ ਅਜ਼ਰਾ ਅਤੇ ਨਹਮਯਾਹ ਦੀਆਂ ਕਿਤਾਬਾਂ ਦੇ ਲੇਖਕ ਦਾ ਸਵਾਲ ਪ੍ਰਭਾਵਿਤ ਨਹੀਂ ਹੋਣਾ ਸੀ। ਯਹੂਦੀ ਵਸੀਲਿਆਂ ਵੱਲੋਂ ''ਇਕ ਕਿਤਾਬ'' ਲਿਖਣ ਦਾ ਸਿਹਰਾ ਅਜ਼ਰਾ ਨੂੰ ਦਿੱਤਾ ਜਾਂਦਾ ਹੈ।[13] ਅਜ਼ਰਾ ਦੀ ਕਿਤਾਬ ਵਿਚ ਉਸ ਦੇ ਨਾਂਅ ਨਾਲ ਲਿਖੀ ਗਈ ਆਤਮਕਥਾ ਯਕੀਨਨ ਓਸੇ ਨੇ ਲਿਖੀ (ਉੱਤਮ ਪੁਰਖ ਵਾਲੇ ਭਾਗ) ਅਤੇ ਕਿਤਾਬ ਦੇ ਵਿਰਤਾਂਤ ਵਾਲੇ ਭਾਗ ਵੀ ਓਸ ਨੇ ਲਿਖੇ ਹੋਣਗੇ। ਜੌਨ ਸੀ. ਵਿਟਕੌਂਬ, ਜੂਨੀ., ਇਸ ਮੁਲਾਂਕਣ ਨਾਲ ਸਹਿਮਤ ਸੀ: ''ਇਹ ਬਹੁਤ ਵੱਧ ਸੰਭਾਵਨਾ ਹੈ ਕਿ ਆਪਣੇ ਮੂਲ ਸਰੋਤਾਂ ਦੇ ਰੂਪ ਵਿਚ ਵਰਤਦਿਆਂ ਵੱਖੋ ਵੱਖ ਹੁਕਮਾਂ, ਖ਼ਤਾਂ ਅਤੇ ਵੰਸ਼ਾਵਲੀਆਂ ਦੀ ਵਰਤੋਂ ਕਰਦੇ ਹੋਏ ਅਜ਼ਰਾ ਨੇ ਆਪ ਹੀ ਇਹ ਕਿਤਾਬ ਲਿਖੀ।''[14] ਜੋ ਵੀ ਹੋਵੇ, ਕਿਤਾਬ ਆਪਣੇ ਲੇਖਕ ਦੀ ਪਛਾਣ ਆਪ ਨਹੀਂ ਕਰਵਾਉਂਦੀ।

ਸਰੋਤ

ਅਜ਼ਰਾ ਦੀ ਆਤਮ ਕਥਾ (ਵੇਖੋ ਅਧਿਆਇ 8 ਅਤੇ 9, ਜਿਸ ਵਿਚ ਅਜ਼ਰਾ ਨੇ ਉੱਤਮ ਪੁਰਖ ਦੀ ਵਰਤੋਂ ਕੀਤੀ) ਨਹਮਯਾਹ ਦੀ ਆਤਮ ਕਥਾ (ਨਹਮਯਾਹ 1; 2; 4–7; 12; 13 ਵਿਚ ਉੱਤਮ ਪੁਰਖ ਦੀ ਵਰਤੋਂ ਵੇਖੋ), ਲਿਸਟਾਂ ਅਤੇ ਸਰਕਾਰੀ ਚਿੱਠੀਆਂ ਅਤੇ ਦਸਤਾਵੇਜ਼ਾਂ (ਅਜ਼ਰਾ 7:11–26, ਉਦਾਹਰਣ ਲਈ) ਸਣੇ ਇਨ੍ਹਾਂ ਦੋਹਾਂ ਕਿਤਾਬਾਂ ਵਿਚ ਕਈ ਦਸਤਾਵੇਜ਼ਾਂ ਦਾ ਹਵਾਲਾ ਦਿੱਤਾ ਗਿਆ ਹੈ। ਲਿਖਾਰੀ ਅਜ਼ਰਾ ਹੋਵੇ ਜਾਂ ਕੋਈ ਹੋਰ, ਪਰ ਉਹ ਲੇਖਕ ਅਤੇ ਸੰਗ੍ਰਹਿਕਰਤਾ ਦੋਵੇਂ ਹੀ ਸੀ।

ਭਾਸ਼ਾਵਾਂ

ਅਜ਼ਰਾ ਦੀ ਕਿਤਾਬ ਇਸ ਗੱਲ ਵਿਚ ਵਿਲੱਖਣ ਹੈ ਕਿ ਇਸ ਦੇ ਕਈ ਹਿੱਸੇ ਅਰਾਮੀ ਭਾਸ਼ਾ ਵਿਚ ਲਿਖੇ ਗਏ ਸਨ[15] (4:8–6:18; 7:12–26)। ਅਰਾਮੀ ਭਾਸ਼ਾ ਵਾਲੇ ਹਿੱਸੇ ਜ਼ਿਆਦਾਤਰ ਸਰਕਾਰੀ ਦਸਤਾਵੇਜ਼ ਹਨ। ਅਰਾਮੀ ਭਾਸ਼ਾ ਉਸ ਸਮੇਂ ਦੀ ਕੂਟਨੀਤੀ ਦੀ ਅੰਤਰਰਾਸ਼ਟਰੀ ਭਾਸ਼ਾ ਸੀ ਇਸ ਕਰਕੇ ਇਹ ਹੈਰਾਨੀ ਵਾਲੀ ਗੱਲ ਨਹੀਂ ਹੈ ਕਿ ਕਿਤਾਬ ਦੇ ਇਨ੍ਹਾਂ ਹਿੱਸਿਆਂ ਲਈ ਇਸ ਦੀ ਵਰਤੋਂ ਹੋਈ। ਪੁਰਾਣੇ ਨੇਮ ਦਾ ਬਾਕੀ ਦਾ ਸਾਰਾ ਹਿੱਸਾ ਇਬਰਾਨੀ ਭਾਸ਼ਾ ਵਿਚ ਲਿਖਿਆ ਗਿਆ।[16]

ਕਾਲਕ੍ਰਮ

ਰਵਾਇਤੀ ਵਿਚਾਰ

ਅਜ਼ਰਾ/ਨਹਮਯਾਹ ਦੇ ਕਾਲਕ੍ਰਮ ਦਾ ਭਰੋਸੇਯੋਗ ਇਹ ਵਿਚਾਰ ਹੈ ਕਿ ਇਨ੍ਹਾਂ ਕਿਤਾਬਾਂ ਵਿਚਲੀਆਂ ਘਟਨਾਵਾਂ ਦੀਆਂ ਮਿਤੀਆਂ ਲਿਖਤ ਦੇ ਹਵਾਲਿਆਂ ਨਾਲ ਮਿਲਾਈਆਂ ਜਾ ਸਕਦੀਆਂ ਹਨ। ਅਜ਼ਰਾ 1:1 ਅਸੀਰੀ ਵਿੱਚੋਂ ਯਹੂਦੀਆਂ ਦੀ ਪਹਿਲੀ ਵਾਪਸੀ ਦੀ ਸ਼ੁਰੂਆਤ ਦਾ ਸਮਾਂ ''ਕੋਰਸ ਦੇ ਪਹਿਲੇ ਵਰ੍ਹੇ ਵਿਚ'' ਹੋਣਾ ਦੱਸਦਾ ਹੈ। ਬਾਬਲ ਉੱਤੇ ਕੋਰਸ ਦੀ ਹਕੂਮਤ 539 ਈ.ਪੂ. ਵਿਚ ਸ਼ੁਰੂ ਹੋਈ; ਇਸ ਕਰਕੇ ਇਹ ਵਾਪਸੀ ਉਸ ਤੋਂ ਇਕ ਸਾਲ ਬਾਅਦ ਜਾਂ 538 ਈ.ਪੂ. ਵਿਚ ਸ਼ੁਰੂ ਹੋਈ। ਇਸੇ ਤਰ੍ਹਾਂ ਅਜ਼ਰਾ 7:7 ''ਅਰਤਹਸ਼ਸ਼ਤਾ ਪਾਤਸ਼ਾਹ ਦੇ ਸਤਵੇਂ ਵਰਹੇ'' ਜਾਂ 458 ਈ.ਪੂ. ਵਿਚ ਅਜ਼ਰਾ ਦੇ ਨਾਲ ਯਹੂਦੀਆਂ ਦੀ ਵਾਪਸੀ ਦਾ ਸਮਾਂ ਦੱਸਦਾ ਹੈ। ਨਹਮਯਾਹ 2:1–7, ਵਿਚ ਨਹਮਯਾਹ ਦੇ ''ਅਰਤਹਸ਼ਸ਼ਤਾ ਪਾਤਸ਼ਾਹ ਦੇ ਵੀਹਵੇਂ ਵਰਹੇ'' ਤਕਰੀਬਨ ਤੀਹ ਸਾਲਾਂ ਬਾਅਦ (445 ਈ.ਪੂ.) ਯਰੂਸ਼ਲਮ ਜਾਣ ਦੀ ਗੱਲ ਦੱਸਦਾ ਹੈ। ਅਜਿਹੀ ਜਾਣਕਾਰੀ ਨਾਲ, ਇਨ੍ਹਾਂ ਕਿਤਾਬਾਂ ਵਿਚਲੀਆਂ (ਅਤੇ ਅਸਤਰ ਵਿਚ) ਵਾਪਰਣ ਵਾਲੀਆਂ ਘਟਨਾਵਾਂ ਜਿਹੜੀਆਂ ਯਰੂਸ਼ਲਮ ਦੀ ਬਰਬਾਦੀ ਤੋਂ ਬਾਅਦ ਹੋਣੀਆਂ ਸਨ, ਦਾ ਸਮਾਂ ਇਸ ਤਰ੍ਹਾਂ ਦੱਸਿਆ ਜਾ ਸਕਦਾ ਹੈ:

538 ਈ.ਪੂ.– ਫ਼ਾਰਸ ਦੇ ਕੋਰਸ ਦੂਜੇ ਦੇ ਹੁਕਮ ਨਾਲ, ਅਸੀਰੀ ਤੋਂ ਜ਼ਰੁੱਬਾਬਲ ਦੀ ਹਕੂਮਤ ਵਿਚ ਯਹੂਦੀਆਂ ਦੀ ਪਹਿਲੀ ਵਾਪਸੀ (ਅਜ਼ਰਾ 1:1–3; 2:1, 2)
537 ਈ.ਪੂ.– ਯਰੂਸ਼ਲਮ ਵਿਚ ਹੈਕਲ ਦਾ ਮੁੜ ਤੋਂ ਬਣਾਇਆ ਜਾਣਾ (ਅਜ਼ਰਾ 3:6–10)
520 ਈ.ਪੂ.– ਹੱਜਈ ਅਤੇ ਜ਼ਕਰਯਾਹ ਦੀਆਂ ਨਬੂਵਤਾਂ ਤੋਂ ਦਲੇਰ ਹੋ ਕੇ ਹੈਕਲ ਦੇ ਮੁੜ ਬਣਾਏ ਜਾਣ ਦਾ ਸਿਲਸਿਲਾ ਜਾਰੀ ਰਹਿਣਾ (ਅਜ਼ਰਾ 5:1, 2)
516 ਈ.ਪੂ.– ਹੈਕਲ ਦੀ ਉਸਾਰੀ ਦਾ ਮੁਕੰਮਲ ਹੋਣਾ ਅਤੇ ਚੱਠ (ਅਜ਼ਰਾ 6:14–16)
483–473 ਈ.ਪੂ.– ਅਹਸ਼ਵੇਰੋਸ਼ ਪਹਿਲੇ ਦੀ ਹਕੂਮਤ ਦੌਰਾਨ, ਅਸਤਰ ਦੀ ਕਿਤਾਬ ਦੀਆਂ ਘਟਨਾਵਾਂ (ਅਸਤਰ 1:1–3; 2:16; 3:7)
458 ਈ.ਪੂ.– ਅਰਤਹਸ਼ਸ਼ਤਾ ਪਹਿਲੇ ਤੋਂ ਪ੍ਰਵਾਨਗੀ ਲੈਣ ਤੋਂ ਬਾਅਦ ਸੁਧਾਰਕ ਅਜ਼ਰਾ ਦੀ ਅਗਵਾਈ ਹੇਠ ਯਹੂਦੀਆਂ ਦੀ ਦੂਜੀ ਵਾਪਸੀ (ਅਜ਼ਰਾ 7:1–10)

445 ਈ.ਪੂ.– ਅਰਤਹਸ਼ਸ਼ਤਾ ਤੋਂ ਪ੍ਰਵਾਨਗੀ ਲੈਣ ਤੋਂ ਬਾਅਦ ਨਹਮਯਾਹ ਯਰੂਸ਼ਲਮ ਦੀ ਸ਼ਹਿਰਪਨਾਹ ਨੂੰ ਫੇਰ ਤੋਂ ਬਣਾਉਣ ਲਈ ਵਾਪਸ ਆਇਆ (ਨਹਮਯਾਹ 1:1–2:20; 6:15)

433 ਈ.ਪੂ.– ਨਹਮਯਾਹ ਦੀ ਫ਼ਾਰਸ ਨੂੰ ਵਾਪਸੀ, ਜਿਸ ਤੋਂ ਬਾਅਦ ਯਰੂਸ਼ਲਮ ਨੂੰ ਦੂਜੀ ਵਾਰ ਜਾਣਾ ਹੋਇਆ (ਨਹਮਯਾਹ 13:6, 7)।

ਇਕ ਬਦਲਵਾਂ ਵਿਚਾਰ

ਅਜ਼ਰਾ ਅਤੇ ਨਹਮਯਾਹ ਦੀਆਂ ਕਿਤਾਬਾਂ ਦੇ ਕਾਲਕ੍ਰਮ ਸਬੰਧੀ ਇਕ ਬਦਲਵਾਂ ਵਿਚਾਰ ਇਹ ਹੈ ਕਿ ਨਹਮਯਾਹ ਅਜ਼ਰਾ ਨਾਲੋਂ ਪਹਿਲਾਂ ਸੀ। ਇਹ ਪੱਖ ਰੱਖਣ ਵਾਲਿਆਂ ਵੱਲੋਂ ਦਿੱਤੇ ਜਾਣ ਵਾਲੇ ਤਰਕਾਂ ਵਿੱਚੋਂ ਇਕ ਇਹ ਹੈ ਕਿ ਜੇ ਅਜ਼ਰਾ 458 ਈ.ਪੂ. ਵਿਚ ਸ਼ਰ੍ਹਾ ਨੂੰ ਸਿਖਾਉਣ ਅਤੇ ਲਾਗੂ ਕਰਵਾਉਣ ਲਈ ਯਹੂਦਾ ਵਿਚ ਗਿਆ (ਅਜ਼ਰਾ 7:1–10), ਤਾਂ ਉਹ ਲੋਕਾਂ ਸਾਹਮਣੇ ਖ਼ੁਦਾ ਦੀ ਸ਼ਰ੍ਹਾ ਨੂੰ ਪੜ੍ਹਨ ਲਈ ਨਹਮਯਾਹ ਦੇ ਪਹੁੰਚਣ ਤਕ ਰੁਕਿਆ ਨਹੀਂ ਹੋਵੇਗਾ (ਨਹਮਯਾਹ 8:1–18)। ਇਸ ਤੋਂ ਇਲਾਵਾ ਉਹ ਦਲੀਲ ਦਿੰਦੇ ਹਨ ਕਿ ਇਹ ਮੰਨਣਾ ਤਰਕਸੰਗਤ ਨਹੀਂ ਹੈ ਕਿ ਅਜ਼ਰਾ ਦੇ ਅੰਤਰਜਾਤੀ ਵਿਆਹਾਂ ਦੀ ਮੁਸ਼ਕਿਲ ਨਾਲ ਨਜਿੱਠਣ ਤੋਂ ਬਾਅਦ (ਅਜ਼ਰਾ 9:1–15), ਨਹਮਯਾਹ ਅੱਗੇ ਅਜੇ ਵੀ ਉਹ ਮੁਸ਼ਕਿਲ ਹੋਵੇਗੀ ਜਾਂ ਉਸ ਨੇ ਵੀ ਇਵੇਂ ਹੀ ਉਸ ਨਾਲ ਨਜਿੱਠਿਆ (ਨਹਮਯਾਹ 13:23–29)।

ਇਸ ਦਾ ਮਤਲਬ ਇਹ ਹੋਇਆ ਕਿ ਅਜ਼ਰਾ 7:7 ਵਿਚ ਅਜ਼ਰਾ ਦੀ ਵਾਪਸੀ ਦਾ ਸਮਾਂ ਦੋ ਤਰੀਕਿਆਂ ਵਿੱਚੋਂ ਇਕ ਤਰੀਕੇ ਨਾਲ ਸਮਝਾਇਆ ਜਾ ਸਕਦਾ ਹੈ। ਕਈਆਂ ਦਾ ਵਿਚਾਰ ਹੈ ਕਿ ਇਹ ਇਬਰਾਨੀ ਲਿਖਤ ਵਿਚ ਗ੍ਰੰਥੀਆਂ ਦੀ ਗੱਲ ਕੀਤੀ ਹੈ ਜਿਸ ਨੂੰ ''ਸਤਵੇਂ ਵਰ੍ਹੇ'' (438 ਤੋਂ 428 ਈ.ਪੂ.), ਦੀ ਬਜਾਇ ਸਤਾਈਵੇਂ ਵਰ੍ਹੇ ਜਾਂ ''ਸੈਂਤੀਵੇਂ ਵਰ੍ਹੇ'' ਪੜ੍ਹਿਆ ਜਾਣਾ ਚਾਹੀਦਾ ਹੈ (458 ਈ.ਪੂ.)। ਕਿਸੇ ਵੀ ਗਿਆਤ ਹੱਥਲਿਖਤ ਵਿਚ ਇਨ੍ਹਾਂ ਦੋਹਾਂ ਵਿੱਚੋਂ ਕੋਈ ਗੱਲ ਨਹੀਂ ਲਿਖੀ ਗਈ। ਇਕ ਹੋਰ ਵਿਚਾਰ ਇਹ ਹੈ ਕਿ ਅਜ਼ਰਾ 7:7 ਅਰਤਹਸ਼ਸ਼ਤਾ ਪਹਿਲੇ ਦੀ ਬਜਾਇ ਅਰਤਹਸ਼ਸ਼ਤਾ ਦੂਜੇ ਦੀ ਗੱਲ ਕਰਦਾ ਹੈ ਜਿਸ ਨਾਲ ਅਜ਼ਰਾ ਦੀ ਵਾਪਸੀ ਦਾ ਸਮਾਂ 458 ਈ.ਪੂ. ਦੀ ਬਜਾਇ 398 ਈ.ਪੂ. ਹੋ ਜਾਵੇਗਾ।[17] ਅਜ਼ਰਾ ਦੀ ਇਸ ਲੇਟ ਵਾਪਸੀ ਦੇ ਸਮੇਂ ਨਾਲ ਦਿੱਕਤ ਇਹ ਹੈ ਕਿ ਇਹ ਨਹਮਯਾਹ 8:9; 12:26, 36 ਨਾਲ ਜਿੱਥੇ ਅਜ਼ਰਾ ਅਤੇ ਨਹਮਯਾਹ ਦੇ ਇਕੱਠੇ ਕੰਮ ਕਰਨ ਦਾ ਵਰਣਨ ਹੈ, ਉਲਝਦਾ ਹੈ।

ਨਹਮਯਾਹ ਦੀ ਤਰਜੀਹ ਦੀਆਂ ਦਲੀਲਾਂ ਦਾ ਜਵਾਬ ਤਸੱਲੀਬਖ਼ਸ਼ ਢੰਗ ਨਾਲ ਦਿੱਤਾ ਜਾ ਸਕਦਾ ਹੈ।[18] ਉਦਾਹਰਣ ਲਈ ਇਹ ਮੰਨ ਲੈਣ ਦੀ ਕੋਈ ਲੋੜ ਨਹੀਂ ਹੈ ਕਿ ਅਜ਼ਰਾ ਨੇ ਨਹਮਯਾਹ ਦੇ ਆਉਣ ਤੋਂ ਬਾਅਦ ਆਮ ਲੋਕਾਂ ਵਿਚ ਸ਼ਰ੍ਹਾ ਨੂੰ ਪੜ੍ਹਿਆ, ਇਸ ਕਰਕੇ ਉਸ ਨੇ ਪਹਿਲਾਂ ਨਹੀਂ ਪੜ੍ਹਿਆ ਹੋਵੇਗਾ। ਇਸ ਤੋਂ ਇਲਾਵਾ ਇਹ ਤੱਥ ਕਿ ਨਹਮਯਾਹ ਨੇ ਅੰਤਰਜਾਤੀ ਵਿਆਹਾਂ ਨਾਲ ਨਜਿੱਠਿਆ ਇਹ ਸਾਬਤ ਨਹੀਂ ਕਰਦਾ ਹੈ ਕਿ ਅਜ਼ਰਾ ਨੇ ਵੀ ਨਹੀਂ ਨਜਿੱਠਿਆ ਸੀ। ਯਹੂਦੀਆਂ ਨੇ ਆਪਣੇ ਪੂਰੇ ਇਤਹਾਸ ਦੌਰਾਨ ਇਹ ਸਾਬਤ ਕਰ ਦਿੱਤਾ ਕਿ ਖ਼ੁਦਾ ਦੇ ਬੁਲਾਰਿਆਂ ਦੀਆਂ ਅਣਥੱਕ ਕੋਸ਼ਿਸ਼ਾਂ ਦੇ ਬਾਵਜੂਦ ਉਨ੍ਹਾਂ ਦਾ ਝੁਕਾਅ ਪਾਪ ਕਰਨ ਦੇ ਪਿਛਲੇ ਤਰੀਕਿਆਂ ਵਿਚ ਲੱਗਾ ਰਹਿੰਦਾ ਸੀ। ਡੇਰੇਕ ਕਿਡਨਰ ਇਸ ਨਤੀਜੇ ਤੇ ਪਹੁੰਚਿਆ:

> ... ਇਹ ਕਹਿਣਾ ਸਹੀ ਲਗਦਾ ਹੈ ਕਿ ਘਟਨਾਵਾਂ ਦੀ ਬਾਈਬਲੀ ਤਰਤੀਬ ਤੇ ਛੋਟਾ ਜਾਂ ਵੱਡਾ ਕੋਈ ਵੀ ਇਤਰਾਜ਼ ਪ੍ਰਭਾਵਸ਼ਾਲੀ ਨਹੀਂ ਹੈ, ਅਤੇ ਇਹ ਧਿਆਨ ਦੁਆਉਣਾ ਕਿ ਸੰਭਾਵਨਾ ਨਾਲੋਂ ਵੱਧ ਮਜ਼ਬੂਤ ਕੋਈ ਵੀ ਗੱਲ ਨਹੀਂ ਹੈ ਅਸਲ ਵਿਚ ਇਨ੍ਹਾਂ ਸੁਝਾਈਆਂ ਗਈਆਂ

> ਕਲਪਨਾਵਾਂ ਲਈ ਜ਼ਿਆਦਾਤਰ ਵਿਦਵਾਨਾਂ ਵੱਲੋਂ ਕੀਤਾ ਗਿਆ ਦਾਅਵਾ ਹੈ। ਜੇ ਇਹ ਗੱਲ ਹੈ ਤਾਂ ਜਿਹੜਾ ਵਿਰਤਾਂਤ ਸਾਡੇ ਕੋਲ ਪਹਿਲਾਂ ਹੀ ਹੈ ਉਹੀ ਵਿਰਤਾਂਤਾਂ ਨਾਲੋਂ ਜਿਹੜੇ ਸਾਡੇ ਕੋਲ ਹੈ ਨਹੀਂ ਤਰਜੀਹ ਦਿੱਤੇ ਜਾਣ ਵਾਲਾ ਹੋਣਾ ਚਾਹੀਦਾ ਹੈ ਅਤੇ ਕਾਲਪਨਿਕ ਦੇ ਉੱਤੇ ਅਸਲ ਦਾ ਕੀਤੇ ਗਏ ਪਹਿਲੇ ਦਾਅਵੇ ਨਾਲੋਂ ਹਟ ਕੇ, ਕੋਈ ਵੀ ਗੱਲ ਜਿਸ ਵਿਚ ਚਰਚਾ ਕੀਤੀ ਹੈ ਉਸ ਵਿਸ਼ਾਲ ਅਸੰਭਾਵਨਾ ਨੂੰ ਬੇਅਸਰ ਕਰਨ ਲਈ ਕਾਫ਼ੀ ਨਹੀਂ ਹੈ ਕਿ ਸਾਡਾ ਲੇਖਕ, ਆਪਣੇ ਵੇਰਵਾ ਦੇਣ ਵਿਚ ਸਮਰਪਿਤ ਸੀ, ਅਤੇ ਆਪਣੇ ਮੁੱਖ ਪਾਤਰਾਂ ਦੇ ਇਤਹਾਸ ਦੀ ਪਹੁੰਚ ਸਭ ਤੋਂ ਪਹਿਲੇ ਸੀ, ਨੂੰ ਇਸ ਗੱਲ ਦਾ ਕੋਈ ਵਿਚਾਰ ਨਹੀਂ ਸੀ ਕਿ ਇਹ ਲੋਕ ਇਕ ਦੂਜੇ ਨਾਲ ਸਬੰਧਿਤ ਸਨ ਜਾਂ ਸਬੰਧਿਤ ਨਹੀਂ ਸਨ, ਨਾ ਹੀ ਉਨ੍ਹਾਂ ਤੋਂ ਪਹਿਲਾਂ ਦੇ ਲੋਕਾਂ ਨਾਲ।[19]

ਇਸ ਕਰਕੇ ਬਾਈਬਲ ਦੇ ਰਵਾਇਤੀ ਕਾਲਕ੍ਰਮ ਨੂੰ ਨਕਾਰਨ ਦਾ ਕੋਈ ਸਵਾਲ ਨਹੀਂ ਉੱਠਿਆ ਹੈ।

ਜ਼ੋਰ

ਆਮ ਅਰਥ ਵਿਚ ਅਜ਼ਰਾ ਦੀ ਕਿਤਾਬ ਨੂੰ ਇਸਰਾਏਲ ਧਰਮ ਦੀ ਮੁੜ ਕਾਇਮੀ ਕਿਹਾ ਜਾ ਸਕਦਾ ਹੈ। ਬਾਬਲ ਦੀ ਅਸੀਰੀ ਦੌਰਾਨ ਯਹੂਦੀਆਂ ਨੇ ਆਪਣੇ ਖ਼ੁਦਾ ਜਾਂ ਆਪਣੇ ਧਰਮ ਨੂੰ ਛੱਡਿਆ ਨਹੀਂ ਸੀ; ਪਰ ਉਨ੍ਹਾਂ ਨੂੰ ਉਸ ਧਰਮ ਦੇ ਬਾਹਰੀ ਪ੍ਰਤੀਕਾਂ ਅਤੇ ਮਦਦਾਂ ਤੋਂ ਵਾਂਝਿਆ ਕਰ ਦਿੱਤਾ ਗਿਆ ਸੀ। ਯਹੂਦੀਆਂ ਦੀ ਵਾਪਸੀ ਨਾਲ, ਉਨ੍ਹਾਂ ਵਿੱਚੋਂ ਕੁਝ ਪ੍ਰਤੀਕ ਫੇਰ ਤੋਂ ਬਹਾਲ ਕੀਤੇ ਗਏ ਸਨ।

ਖ਼ਾਸ ਤੌਰ ਤੇ ਕਿਤਾਬ ਇਹ ਸੰਕੇਤ ਦਿੰਦੀ ਹੈ ਕਿ ਇਹ ਧਰਮ (1) ਵਾਅਦੇ ਦੀ ਧਰਤੀ ਤੇ ਆਪਣੀ ਵਾਪਸੀ, (2) ਹੈਕਲ ਨੂੰ ਮੁੜ ਤੋਂ ਬਣਾਉਣ, ਅਤੇ (3) ਆਪਣੀ ਤੋਬਾ ਨਾਲ ਮੁੜ ਤੋਂ ਕਾਇਮ ਹੋਇਆ ਸੀ। ਸੁਧਾਰਾਂ ਦੀ ਖ਼ਾਸ ਗੱਲ ਖ਼ੁਦਾ ਦੀ ਸ਼ਰ੍ਹਾ ਉੱਤੇ ਜ਼ੋਰ ਦੇਣਾ ਸੀ (ਅਜ਼ਰਾ 7–10)। ਸ਼ਰ੍ਹਾ ਇਸਰਾਏਲ ਦੀ ਧਾਰਮਿਕ ਬੇਦਾਰੀ ਦੀ ਕਮਰ ਕੱਸੀ ਗਈ,[20] ਅਤੇ ਸ਼ਰ੍ਹਾ ਨੂੰ ਮੰਨਣ ਨਾਲ ਉਹ ਬੇਦਾਰੀ ਪੂਰੀ ਹੋਈ।

ਇਤਹਾਸਕ ਪਿਛੋਕੜ

ਇਕ ਅਜ਼ਾਦ ਕੌਮ ਦੇ ਰੂਪ ਵਿਚ ਇਸ ਦੇ ਇਤਹਾਸ ਦੇ ਆਖ਼ਰੀ ਚਰਣ ਵਿਚ, ਯਹੂਦਾ ਦਾ ਦੱਖਣੀ ਰਾਜ ਬਾਬਲ ਦੀ ਹਕੂਮਤ ਦਾ ਹਿੱਸਾ ਸੀ। ਕਈ ਵਾਰ ਯਹੂਦੀਆਂ ਨੇ ਬਾਬਲ ਨਾਲ ਬਗ਼ਾਵਤ ਕੀਤੀ; ਪਰ ਹਰ ਵਾਰ ਬਾਬਲ ਦੇ ਲੋਕਾਂ ਨੇ ਯਹੂਦਾ ਦੇ ਖ਼ਿਲਾਫ਼ ਫ਼ੌਜੀ ਤਾਕਤ ਦੀ ਵਰਤੋਂ ਕਰਕੇ ਉਸ ਬਗ਼ਾਵਤ ਨੂੰ ਦਬਾ ਦਿੱਤਾ ਅਤੇ ਯਹੂਦਾ ਦੇ ਕੁਝ ਲੋਕਾਂ ਨੂੰ ਆਪਣੇ ਨਾਲ ਬਾਬਲ ਵਿਚ ਵਾਪਸ ਲੈ ਗਏ।[21] ਇਹ ਤਕਰੀਬਨ 605 ਈ.ਪੂ. ਵਿਚ ਹੋਇਆ (ਜਿਵੇਂ ਬਿਵਸਥਾ ਸਾਰ 1:1–4) ਵਿਚ ਦਰਜ ਹੈ। ਦੂਜੀ ਵਾਰ ਲਗਭਗ 597 ਈ.ਪੂ. (2 ਰਾਜਿਆਂ 24:10–17), ਅਤੇ ਫੇਰ ਲਗਭਗ 586 ਈ.ਪੂ. ਵਿਚ। 588 ਈ.ਪੂ. ਵਿਚ ਯਹੂਦੀਆਂ ਵੱਲੋਂ ਬਾਬਲ ਦੇ ਖ਼ਿਲਾਫ਼ ਬਗ਼ਾਵਤ ਕਰਨ ਤੋਂ ਬਾਅਦ ਨਬੂਕਦਨੱਸਰ ਰਾਜੇ ਨੇ ਕੌਮ ਉੱਤੇ ਹਮਲਾ ਕਰ ਦਿੱਤਾ, ਇਸ ਨੂੰ ਜਿੱਤ ਲਿਆ, ਯਰੂਸ਼ਲਮ ਅਤੇ ਹੈਕਲ ਨੂੰ ਬਰਬਾਦ ਕਰ ਦਿੱਤਾ ਅਤੇ ਯਹੂਦੀਆਂ ਨੂੰ ਵੱਡੀ ਗਿਣਤੀ ਵਿਚ ਬਾਬਲ ਵਿਚ ਲਿਜਾਣਾ ਸ਼ੁਰੂ ਕਰ ਦਿੱਤਾ (2 ਰਾਜਿਆਂ 24:20–25:21; 2 ਇਤਹਾਸ 36:17–21)।

ਦੇਸ਼ ਵਿਚ ਸਿਰਫ਼ ਬਹੁਤ ਗ਼ਰੀਬ ਲੋਕ ਰਹਿ ਗਏ (2 ਰਾਜਿਆਂ 25:12)।[22] ਇਸ ਤੋਂ ਇਲਾਵਾ, ਇਸਰਾਏਲ ਦੇ ਉੱਤਰੀ ਰਾਜ ਵਿਚ ਰਹਿਣ ਵਾਲੇ ਲੋਕ ਉਨ੍ਹਾਂ ਲੋਕਾਂ ਦੀ ਸੰਤਾਨ ਸਨ ਜਿਨ੍ਹਾਂ ਨੂੰ ਤਿੰਨ ਸੌ ਤੋਂ ਵੀ ਵੱਧ ਸਾਲ ਪਹਿਲਾਂ ਅੱਸ਼ੂਰੀਆਂ ਵੱਲੋਂ ਉੱਤਰੀ ਰਾਜ ਦੇ ਲੋਕਾਂ ਨੂੰ ਅਸੀਰੀ ਵਿਚ ਲਿਜਾਣ ਵੇਲੇ ਰੱਖਿਆ ਗਿਆ ਸੀ (2 ਰਾਜਿਆਂ 17:22–41)। ਯਹੂਦਾ ਦੇ ਉੱਤਰ ਵੱਲ ਦਾ ਉਹ ਇਲਾਕਾ ਅਖ਼ੀਰ ਵਿਚ ''ਸਾਮਰੀਆ'' ਦੇ ਨਾਂਅ ਨਾਲ ਜਾਣਿਆ ਜਾਣ ਲੱਗਾ ਅਤੇ ਇਸ ਦੇ ਵਾਸੀਆਂ ਨੂੰ ''ਸਾਮਰੀ'' ਆਖਿਆ ਜਾਂਦਾ ਸੀ (2 ਰਾਜਿਆਂ 17:29; KJV; ESV)।

ਜਲਾਵਤਨੀ ਵਿਚ ਰਹਿਣ ਵਾਲਿਆਂ ਲਈ ਜ਼ਿੰਦਗੀ ਮੁਸ਼ਕਿਲ ਹੀ ਰਹੀ ਹਵੇਗੀ, ਖ਼ਾਸ ਕਰਕੇ ਸ਼ੁਰੂ ਸ਼ੁਰੂ ਵਿਚ। ਉਨ੍ਹਾਂ ਦਾ ਪਿਆਰਾ ਸ਼ਹਿਰ ਬਰਬਾਦ ਹੋ ਗਿਆ ਸੀ।[23] ਉਹ ਪਰਾਏ ਦੇਸ਼ ਵਿਚ ਪਰਦੇਸ਼ੀ ਸਨ ਅਤੇ ਇਸ ਕਰਕੇ ਉਨ੍ਹਾਂ ਨੂੰ ਘਟੀਆ ਦਰਜੇ ਦੇ ਸ਼ਹਿਰੀ ਮੰਨਿਆ ਜਾਂਦਾ ਸੀ। ਇਸ ਨਾਲੋਂ ਵੀ ਵਧ ਕੇ ਉਹ ਹੈਕਲ ਤੋਂ, ਜੋ ਕਿ ਉਨ੍ਹਾਂ ਦੀ ਬੰਦਗੀ ਦੀ ਥਾਂ ਸੀ, ਦੂਰ ਕਰ ਦਿੱਤਾ ਗਿਆ ਸੀ! ਬਿਨਾਂ ਹੈਕਲ ਦੇ ਉਹ ਖ਼ੁਦਾ ਦੀ ਬੰਦਗੀ ਕਿਵੇਂ ਕਰ ਸਕਦੇ ਸਨ? (ਵੇਖੋ ਜ਼ਬੂਰ 137.)

ਇਸ ਦੇ ਬਾਵਜੂਦ ਹਾਲਾਤ ਅਜੇ ਵੀ ਪੂਰੀ ਤਰ੍ਹਾਂ ਨਾਲ ਬੁਰੇ ਨਹੀਂ ਰਹੇ ਸਨ। ਕੁਝ ਯਹੂਦੀ ਉੱਚੇ ਅਹੁਦਿਆਂ ਤੇ ਲਗ ਗਏ ਸਨ, ਪਹਿਲਾਂ ਬਾਬਲ ਦੀ ਸਰਕਾਰ ਵਿਚ ਅਤੇ ਫਿਰ ਫ਼ਾਰਸ ਦੀ ਨੌਕਰਸ਼ਾਹੀ ਵਿਚ।[24] ਯਿਰਮਿਯਾਹ ਨੇ ਆਪਣੇ ਭਰਾਵਾਂ ਨੂੰ ਦੱਸਿਆ ਕਿ ਝੂਠੇ ਨਬੀਆਂ ਵੱਲੋਂ ਦਿੱਤੇ ਸੰਦੇਸ਼ ਦੇ ਉਲਟ ਉਨ੍ਹਾਂ ਨੇ ਲੰਮੇ ਸਮੇਂ ਭਾਵ ਸੱਤਰ ਸਾਲਾਂ ਤਕ ਜਲਾਵਤਨੀ ਵਿਚ ਰਹਿਣਾ ਸੀ। ਇਸ ਕਰਕੇ ਉਨ੍ਹਾਂ ਨੂੰ ਬਾਬਲ ਵਿਚ ਵੱਸ ਜਾਣਾ ਚਾਹੀਦਾ ਹੈ (ਯਿਰਮਿਯਾਹ 29:4–10)। ਸਾਫ਼ ਹੈ ਕਿ ਯਹੂਦੀਆਂ ਨੇ ਉਸ ਦੀ ਹਦਾਇਤ ਮੁਤਾਬਕ ਕੀਤਾ ਅਤੇ ਕਈਆਂ ਨੇ ਤਰੱਕੀ ਕੀਤੀ। ਅਸਲ ਵਿਚ ਬਹੁਤਿਆਂ ਨੇ ਯਹੂਦਾ ਨੂੰ ਵਾਪਸ ਜਾਣ ਦਾ ਮੌਕਾ ਮਿਲਣ ਤੇ, ਬਾਬਲ ਵਿਚ ਰਹਿਣਾ ਹੀ ਚੁਣਿਆ।[25] ਜਿਹੜੇ ਉੱਥੇ ਰਹਿ ਗਏ ਉਨ੍ਹਾਂ ਨੇ ਐਨੀ ਕੁ ਤਰੱਕੀ ਕਰ ਲਈ ਕਿ ਉਹ ਅਜ਼ਰਾ ਦੇ ਨਾਲ ਵਾਪਸ ਜਾਣ ਵਾਲਿਆਂ ਨੂੰ ਖੁੱਲ੍ਹਦਿਲੀ ਨਾਲ ਤੋਹਫ਼ੇ ਦੇ ਸਕੇ (1:6)।

ਜਲਾਵਤਨੀ ਦੌਰਾਨ ਯਹੂਦੀਆਂ ਦੀ ਜੀਵਨ ਸ਼ੈਲੀ ਵਿਚ ਵੱਡੇ ਬਦਲਾਅ ਆਏ, ਅਤੇ ਇਨ੍ਹਾਂ ਦਾ ਉਸ ਸਮੇਂ ਤੋਂ ਬਾਅਦ ਯਹੂਦੀਆਂ ਦੇ ਧਰਮ ਉੱਤੇ ਡੂੰਘਾ ਅਸਰ ਪਿਆ ਸੀ। ਉਹ ਹੈਕਲ ਤੋਂ ਦੂਰ ਰਹੇ ਸਨ ਇਸ ਕਰਕੇ ਸਮਾਜ ਮੰਦਰਾਂ (ਜਾਂ ਸਿਨਾਗੋਗ) ਵਿਚ ਕੀਤੀ ਜਾਣ ਵਾਲੀ ਬੰਦਗੀ ਦੀ ਸ਼ੁਰੂਆਤ ਉਦੋਂ ਤੋਂ ਹੀ ਹੋਈ ਸੀ। ਯਹੂਦੀ ਲੋਕ ਭੌਤਿਕ ਅਸਥਾਨ ਨਾਲੋਂ ਲਿਖਤੀ ਸ਼ਰ੍ਹਾ ਨਾਲ ਵਧੇਰੇ ਜੁੜੇ ਹੋਏ ਲੋਕ ਬਣ ਗਏ।

ਯਹੂਦੀਆਂ ਦੇ ਜਲਾਵਤਨੀ ਵਿਚ ਰਹਿਣ ਦੌਰਾਨ ਬਾਬਲ ਕੋਰਸ ਮਹਾਨ ਦੀ ਹਕੂਮਤ ਦੌਰਾਨ ਫ਼ਾਰਸੀਆਂ ਦੇ ਅਧੀਨ ਆ ਗਿਆ। ਕੋਰਸ ਦੀ ਹਕੂਮਤ 539 ਤੋਂ 530 ਈ.ਪੂ. ਤਕ ਰਹੀ ਅਤੇ ਉਸ ਤੋਂ ਬਾਅਦ ਫ਼ਾਰਸ ਦੇ ਇਨ੍ਹਾਂ ਹੁਕਮਰਾਨਾਂ ਨੇ ਗੱਦੀ ਸੰਭਾਲੀ (ਸਭ ਮਿਤੀਆਂ ਈ.ਪੂ. ਵਿਚ ਹਨ):

ਕੈਂਬਿਸਸ	530–522
ਗੋਮਾਟਾ	522
ਦਾਰਾ ਪਹਿਲਾ522–486	
ਅਹਸ਼ਵੇਰੋਸ਼ ਪਹਿਲਾ (ਅਕਸ਼ਯਰਸ਼)	486–465
ਅਰਤਹਸ਼ਸ਼ਤਾ ਪਹਿਲਾ	465–424
ਅਹਸ਼ਵੇਰੋਸ਼ ਦੂਜਾ	424
ਸੋਗਡਿਆਨੋਸ	424–423
ਦਾਰਾ ਦੂਜਾ	423–404
ਅਰਤਹਸ਼ਸ਼ਤਾ ਦੂਜਾ	404–358
ਅਰਤਹਸ਼ਸ਼ਤਾ ਤੀਜਾ	358–338
ਅਰਤਹਸ਼ਸ਼ਤਾ ਚੌਥਾ	338–336
ਦਾਰਾ ਤੀਜਾ	336–331

ਕੋਰਸ ਜਿਹੜਾ ਅਣਜਾਣਪੁਣੇ ਵਿਚ ਖ਼ੁਦਾ ਦੇ ਹੁਕਮ ਨੂੰ ਅੰਜਾਮ ਦੇ ਰਿਹਾ ਸੀ, ਨੇ 538 ਈ.ਪੂ.

ਦੇ ਲਗਭਗ ਯਹੂਦੀਆਂ ਨੂੰ ਆਪਣੇ ਦੇਸ਼ ਵਾਪਸ ਜਾਣ ਦੀ ਇਜਾਜ਼ਤ ਦੇਣ ਦਾ ਹੁਕਮ ਜਾਰੀ ਕੀਤਾ। ਯਹੂਦੀਆਂ ਦੇ ਪ੍ਰਤੀ ਉਸ ਦੀ ਕਾਰਵਾਹੀ ਹੋਰਨਾਂ ਅਸੀਰਾਂ ਨਾਲ ਸਬੰਧਿਤ ਉਸ ਦੀਆਂ ਨੀਤੀਆਂ ਨਾਲ ਮੇਲ ਖਾਂਦੀ ਸੀ। ਅੱਸ਼ੂਰੀਆਂ ਅਤੇ ਬਾਬਲ ਦੇ ਤਕਲੀਫ਼ ਦੇਣ ਵਾਲੇ ਲੋਕਾਂ ਨੂੰ ਸ਼ਾਂਤ ਕਰਨ ਅਤੇ ਉਨ੍ਹਾਂ ਦਾ ਮਨੋਬਲ ਡੇਗਣ ਵਾਸਤੇ ਜਲਾਵਤਨ ਕਰਨ ਦੀ ਨੀਤੀ ਸੀ। ਇਸ ਦੇ ਉਲਟ ਫ਼ਾਰਸੀ ਰਾਜਿਆਂ ਦੀ ਨੀਤੀ ਜਲਾਵਤਨ ਹੋਈਆਂ ਕੌਮਾਂ ਨੂੰ ਵਾਪਸ ਜਾਣ ਦੀ ਇਜਾਜ਼ਤ ਦੇਣ ਦੀ ਸੀ, ਜੋ ਸੰਭਵ ਤੌਰ ਤੇ ਉਨ੍ਹਾਂ ਦਾ ਦਿਲ ਜਿੱਤਣ ਦੀ ਕੋਸ਼ਿਸ਼ ਅਤੇ ਇਸ ਤਰ੍ਹਾਂ ਨਾਲ ਉਨ੍ਹਾਂ ਦੀ ਵਫ਼ਾਦਾਰੀ ਹਾਸਲ ਕਰਨ ਦੇ ਇਰਾਦੇ ਨਾਲ ਸੀ।

ਕੋਰਸ ਦੀ ਨੀਤੀ ਨਾਲ ਖ਼ੁਦਾ ਦੇ ਮਕਸਦ ਪੂਰੇ ਹੋਏ। ਇਸ ਹੁਕਮ ਨਾਲ, ਤਕਰੀਬਨ ਪੰਜਾਹ ਹਜ਼ਾਰ ਦੇ ਲੋਕ ਬਾਬਲ ਤੋਂ ਵਾਪਸ ਗਏ।[26] ਕੋਰਸ ਨੇ ਨਾ ਸਿਰਫ਼ ਯਹੂਦੀਆਂ ਨੂੰ ਵਾਪਸ ਜਾਣ ਦਿੱਤਾ, ਬਲਕਿ ਉਸ ਨੇ ਉਨ੍ਹਾਂ ਬਚ ਰਹੀਆਂ ਚੀਜ਼ਾਂ ਨੂੰ ਵੀ ਮੋੜ ਦਿੱਤਾ ਜਿਹੜੀਆਂ ਨਬੂਕਦਨੱਸਰ ਯਰੂਸ਼ਲਮ ਨੂੰ ਜਿੱਤਣ ਵੇਲੇ ਹੈਕਲ ਵਿੱਚੋਂ ਲੈ ਕੇ ਆਇਆ ਸੀ (1:7–11; ਵੇਖੋ 2 ਰਾਜਿਆਂ 24:12, 13; 25:14–17; 2 ਇਤਹਾਸ 36:7, 18; ਬਿਵਸਥਾ ਸਾਰ 1:1, 2)। ਯਹੂਦੀਆਂ ਦੀ ਇਸ ਵਾਪਸੀ ਦਾ ਵਰਣਨ ਅਜ਼ਰਾ 1 ਅਤੇ 2 ਵਿਚ ਦਿੱਤਾ ਗਿਆ ਹੈ।

ਫ਼ਲਸਤੀਨ ਵਿਚ ਯਹੂਦੀ ਲੋਕ ਗ਼ਰੀਬ ਅਤੇ ਕਮਜ਼ੋਰ ਸਨ। ਉਹ ਆਪਣੇ ਫ਼ਾਰਸੀ ਜਬਰ ਕਰਨ ਵਾਲਿਆਂ ਦੇ ਅਧੀਨ ਰਹੇ। ਇਸ ਤੋਂ ਇਲਾਵਾ ਇਨ੍ਹਾਂ ਦਾ ਵਿਰੋਧ ਉਸ ਦੇਸ਼ ਵਿਚ ਪਹਿਲਾਂ ਰਹਿਣ ਵਾਲੇ ਲੋਕਾਂ ਵੱਲੋਂ ਭਾਵ ਉਨ੍ਹਾਂ ਦੀਆਂ ਸੰਤਾਨਾਂ ਵੱਲੋਂ ਕੀਤਾ ਜਾਂਦਾ ਸੀ ਜਿਹੜੇ ਉੱਤਰੀ ਅਤੇ ਦੱਖਣੀ ਰਾਜਾਂ ਵਿਚ ਘੱਲੇ ਜਾਣ ਵੇਲੇ ਰਹਿ ਗਏ ਸਨ। ਫਿਰ ਵੀ ਉਨ੍ਹਾਂ ਨੇ ਆਪਣਾ ਪਹਿਲਾ ਵੱਡਾ ਪ੍ਰੋਜੈਕਟ ਹੈਕਲ ਨੂੰ ਮੁੜ ਤੋਂ ਬਣਾਉਣਾ ਸ਼ੁਰੂ ਕਰ ਦਿੱਤਾ। ਹੈਕਲ ਦੀ ਨੀਂਹ ਰੱਖ ਦਿੱਤੀ ਗਈ (ਅਜ਼ਰਾ 3), ਪਰ ਦੇਸ਼ ਦੇ ਦੂਜੇ ਲੋਕਾਂ ਵੱਲੋਂ ਵਿਰੋਧ ਦਾ ਅਸਰ ਹੋਇਆ ਅਤੇ ਮੁੜ ਉਸਾਰੀ ਦਾ ਕੰਮ ਪੰਦਰਾਂ–ਸੋਲਾਂ ਸਾਲਾਂ ਤਕ ਰੁਕਿਆ ਰਿਹਾ (ਅਜ਼ਰਾ 4)।

520 ਈ.ਪੂ. ਵਿਚ ਹੱਜਈ ਅਤੇ ਜ਼ਕਰਯਾਹ ਨਬੀ ਹੈਕਲ ਦੀ ਉਸਾਰੀ ਪੂਰੀ ਕਰਨ ਲਈ ਦਲੇਰੀ ਦੇਣ ਲਈ ਉੱਠੇ (ਅਜ਼ਰਾ 5)। ਕੰਮ ਫੇਰ ਤੋਂ ਸ਼ੁਰੂ ਹੋ ਗਿਆ ਅਤੇ ਅਖ਼ੀਰ ਹੈਕਲ ਦੀ ਉਸਾਰੀ ਦਾ ਕੰਮ ਲਗਭਗ 516 ਈ.ਪੂ. ਪੂਰਾ ਹੋਇਆ ਅਤੇ ਇਸ ਦੀ ਚੱਠ ਕੀਤੀ ਗਈ (ਅਜ਼ਰਾ 6)।

ਤਕਰੀਬਨ ਸੱਠ ਸਾਲਾਂ ਬਾਅਦ ਅਜ਼ਰਾ ਨੂੰ ਫ਼ਾਰਸੀ ਹਾਕਮ ਵੱਲੋਂ ਯਰੂਸ਼ਲਮ ਜਾ ਕੇ, ਕੁਰਬਾਨੀਆਂ ਚੜ੍ਹਾਉਣ ਅਤੇ ਲੋਕਾਂ ਨੂੰ ਸ਼ਰ੍ਹਾ ਨੂੰ ਸਿਖਾਉਣ ਅਤੇ ਲਾਗੂ ਕਰਨ ਲਈ ਘੱਲਿਆ ਗਿਆ (ਅਜ਼ਰਾ 7)। ਉਹ ਕਈ ਸੌ ਹੋਰ ਯਹੂਦੀਆਂ ਨੂੰ ਨਾਲ ਲੈ ਕੇ 458 ਈ.ਪੂ. ਵਿਚ ਗਿਆ (ਅਜ਼ਰਾ 8)। ਦੇਸ਼ ਵਿਚ ਪਹੁੰਚ ਕੇ ਵੇਖਿਆ ਕਿ ਯਹੂਦੀ ਲੋਕ ਸ਼ਰ੍ਹਾ ਨੂੰ ਨਹੀਂ ਮੰਨ ਰਹੇ ਸਨ। ਜਿਸ ਕਰਕੇ ਉਸ ਨੇ ਸੁਧਾਰ ਸ਼ੁਰੂ ਕੀਤੇ, ਖ਼ਾਸ ਕਰਕੇ ਅੰਤਰਜਾਤੀ ਵਿਆਹਾਂ ਨੂੰ ਬੰਦ ਕਰਵਾ ਕੇ (ਅਜ਼ਰਾ 9; 10)।[27]

ਨਹਮਯਾਹ ਤਕਰੀਬਨ ਤੇਰਾਂ ਸਾਲਾਂ ਬਾਅਦ 445 ਈ.ਪੂ. ਵਿਚ ਯਰੂਸ਼ਲਮ ਦੀ ਸ਼ਹਿਰਪਨਾਹ ਦੀ ਫੇਰ ਤੋਂ ਬਣਾਉਣ ਲਈ ਆਇਆ। ਕਈ ਸਾਲਾਂ ਦੇ ਵਕਫ਼ੇ ਤੋਂ ਬਾਅਦ, ਉਸ ਨੂੰ ਵੀ ਅੰਤਰਜਾਤੀ ਵਿਆਹਾਂ ਅਤੇ ਹੋਰ ਜ਼ਰੂਰੀ ਸੁਧਾਰ ਕੀਤੇ ਜਾਣ ਦੀ ਮੁਸ਼ਕਿਲ ਪੇਸ਼ ਆਈ।

ਉਦੇਸ਼

ਲੇਖਕ ਦਾ ਅਜ਼ਰਾ ਦੀ ਕਿਤਾਬ ਦੇ ਲਿਖੇ ਜਾਣ ਦਾ ਉਦੇਸ਼ ਕੀ ਸੀ?

ਇਤਹਾਸ ਨੂੰ ਸਾਂਭਣਾ

ਬੇਸ਼ੱਕ ਅਜ਼ਰਾ ਦਾ ਲੇਖਕ ਆਉਣ ਵਾਲੀਆਂ ਪੀੜ੍ਹੀਆਂ ਲਈ ਜਲਾਵਤਨੀ ਦੇ ਬਾਅਦ ਦੇ

ਕਾਲ ਵਿਚ ਇਸਰਾਏਲ ਦੇ ਇਤਿਹਾਸ ਨੂੰ ਸਾਂਭਣਾ ਚਾਹੁੰਦਾ ਸੀ। ਇਤਿਹਾਸਕ ਦਸਤਾਵੇਜ਼ਾਂ ਦੇ ਅਧਾਰ ਤੇ, ਕਿਤਾਬ ਇਤਿਹਾਸਕ ਦਸਤਾਵੇਜ਼ ਬਣਾਏ ਜਾਣ ਲਈ ਲਿਖੀ ਗਈ।[28] ਬੇਸ਼ੱਕ ਇਹ ਕਹਿਣ ਦਾ ਮਤਲਬ ਇਹ ਨਹੀਂ ਹੈ ਕਿ ਲੇਖਕ ਦੀ ਦਿਲਚਸਪੀ ਨਿਰੋਲ ਇਤਿਹਾਸ ਲਿਖਣ ਵਿਚ ਸਿਰਫ਼ ਇਤਿਹਾਸ ਜਾਂ ਇਤਿਹਾਸ ਦੇ ''ਨਿਰੋਲ ਮਕਸਦ'' ਲਈ (ਜੇ ਕੋਈ ਅਜਿਹੀ ਗੱਲ ਹੈ) ਸੀ। ਉਸ ਨੇ ਇਤਿਹਾਸ ਨੂੰ ਇਕ ਮਕਸਦ ਨਾਲ ਲਿਖਿਆ, ਭਾਵ ਇਤਿਹਾਸ ਜਿਸ ਵਿਚ ਇਕ ਵਿਸ਼ਾ ਹਾਵੀ ਹੈ। ਜਿਸ ਕਰਕੇ ਲੇਖਕ ਨੇ ਉਹ ਜਾਣਕਾਰੀ ਛੱਡ ਦਿੱਤੀ ਜਿਹੜੀ ਕੋਈ ''ਦੁਨਿਆਵੀ ਇਤਿਹਾਸਕਾਰ'' ਜੋੜ ਸਕਦਾ ਸੀ ਅਤੇ ਉਹ ਜੋੜਿਆ ਜਿਸ ਨੂੰ ਕਿਸੇ ਹੋਰ ਇਤਿਹਾਸਕਾਰ ਨੇ ਛੱਡ ਦੇਣਾ ਸੀ। ਉਦਾਹਰਣ ਲਈ ਉਹਨੇ ਇਸ ਬਾਰੇ ਕੁਝ ਨਹੀਂ ਕਿਹਾ ਕਿ ਹੈਕਲ ਦੀ ਉਸਾਰੀ ਦੇ ਪੂਰਾ ਹੋਣ ਅਤੇ ਅਜ਼ਰਾ ਦੀ ਵਾਪਸੀ ਵਿਚਲੇ ਦਹਾਕਿਆਂ ਦੌਰਾਨ ਕੀ ਹੋਇਆ, ਕਿਉਂਕਿ ਉਨ੍ਹਾਂ ਸਾਲਾਂ ਵਿਚਲੀਆਂ ਘਟਨਾਵਾਂ ਉਸ ਦੇ ਮਕਸਦ ਨੂੰ ਹਾਸਲ ਕਰਨ ਲਈ ਜ਼ਰੂਰੀ ਨਹੀਂ ਸਨ।

ਥਿਓਲੋਜੀ ਸਿਖਾਉਣ ਲਈ

ਅਜ਼ਰਾ ਵਿਚ ਸਾਂਭੇ ਗਏ ਇਤਿਹਾਸ ਦਾ ਮਕਸਦ (ਪੁਰਾਣੇ ਨੇਮ ਦੀਆਂ ਇਤਿਹਾਸ ਦੀਆਂ ਹੋਰ ਕਿਤਾਬਾਂ ਵਾਂਗ) ਖ਼ੁਦਾ ਅਤੇ ਇਸਰਾਏਲ ਨਾਲ ਉਸ ਦੇ ਵਿਹਾਰਾਂ ਬਾਰੇ ਸਿਖਾਉਣਾ ਸੀ। ਕਿਤਾਬ ਕੀ ਸਿਖਾਉਂਦੀ ਹੈ?

ਪਹਿਲਾਂ ਤਾਂ ਇਹ ਦੱਸਦੀ ਹੈ ਕਿ ਖ਼ੁਦਾ ਨੇ ਇਸਰਾਏਲ ਨੂੰ ਕਿਵੇਂ ਖ਼ੁਦਾ ਦੇ ਲੋਕਾਂ ਦੇ ਰੂਪ ਵਿਚ ਰਹਿਣ ਦੇ ਯੋਗ ਬਣਾਇਆ, ਭਾਵੇਂ ਇਸਰਾਏਲ ਛੋਟਾ ਅਤੇ ਲਗਭਗ ਲਾਚਾਰ ਸੀ ਜਿਸ ਕੋਲ ਨਾ ਦੌਲਤ ਸੀ ਅਤੇ ਨਾ ਅਜ਼ਾਦੀ। ਉਹ ਕਿਸੇ ਰਾਜੇ ਜਾਂ ਰਾਜ ਉੱਤੇ ਕੇਂਦ੍ਰਿਤ ਕੌਮ ਹੋਣ ਦੀ ਬਜਾਇ ਸ਼ਰ੍ਹਾ ਉੱਤੇ ਕੇਂਦ੍ਰਿਤ ਇਕ ਧਾਰਮਿਕ ਸਮਾਜ ਸੀ।

ਦੂਜਾ, ਨਹਮਯਾਹ ਦੀ ਕਿਤਾਬ ਦੇ ਨਾਲ ਨਾਲ ਇਹ ਕਿਤਾਬ ਵਿਖਾਉਂਦੀ ਹੈ ਕਿ ਖ਼ੁਦਾ ਨੇ ਉਸ ਸਰਾਪ ਨੂੰ ਕਿਵੇਂ ਉਲਟ ਦਿੱਤਾ ਜਿਹੜਾ ਉਸ ਨੇ ਕੌਮ ਉੱਤੇ ਬਾਬਲ ਦੇ ਰਾਹੀਂ ਯਹੂਦਾ ਨੂੰ ਬਰਬਾਦ ਕਰ ਦਿੱਤੇ ਜਾਣ ਵੇਲੇ ਦਿੱਤਾ ਸੀ। ਦੋਵੇਂ ਕਿਤਾਬਾਂ ਚਾਰ ਵਿਸ਼ਿਆਂ ਨਾਲ ਸਬੰਧਿਤ ਹਨਃ (1) ਵਤਨ ਵਾਪਸੀ (ਅਜ਼ਰਾ), (2) ਧਰਮ ਦੀ ਬਹਾਲੀ (ਅਜ਼ਰਾ), (3) ਸ਼ਹਿਰ ਦੀ ਬੇਦਾਰੀ (ਨਹਮਯਾਹ), ਅਤੇ (4) ਨੇਮ ਦਾ ਨਵਿਆਇਆ ਜਾਣਾ (ਨਹਮਯਾਹ)। ਇਨ੍ਹਾਂ ਵਿਸ਼ਿਆਂ ਦੀ ਗੱਲ ਕਰਦਿਆਂ ਇਹ ਕਿਤਾਬਾਂ ਵਿਖਾਉਂਦੀਆਂ ਹਨ ਕਿ ਕਿਵੇਂ ਖ਼ੁਦਾ ਨੇ ਲੋਕਾਂ ਨੂੰ ਬਾਬਲ ਦੀ ਅਸੀਰੀ ਅਤੇ ਬਰਬਾਦੀ ਦੇ ਪ੍ਰਭਾਵਾਂ ਦਾ ਮੁਕਾਬਲਾ ਕਰਨ ਦੇ ਯੋਗ ਬਣਾਇਆ। ਬਾਬਲ ਦੇ ਲੋਕ ਯਹੂਦੀਆਂ ਨੂੰ ਬਾਬਲ ਵਿਚ ਲੈ ਗਏ ਸਨ; ਜ਼ਰੁੱਬਾਬਲ ਉਨ੍ਹਾਂ ਵਿੱਚੋਂ ਕੁਝ ਨੂੰ ਵਾਪਸ ਲੈ ਆਇਆ। ਬਾਬਲ ਦੇ ਲੋਕਾਂ ਨੇ ਹੈਕਲ ਨੂੰ ਬਰਬਾਦ ਕਰ ਦਿੱਤਾ ਸੀ; ਜ਼ਰੁੱਬਾਬਲ ਨੇ ਇਸ ਨੂੰ ਫੇਰ ਤੋਂ ਬਣਾਇਆ। ਬਾਬਲ ਦੇ ਲੋਕਾਂ ਨੇ ਯਰੂਸ਼ਲਮ ਦੀ ਸ਼ਹਿਰਪਨਾਹ ਨੂੰ ਢਾਹ ਕੇ ਸ਼ਹਿਰ ਨੂੰ ਬਰਬਾਦ ਕਰ ਦਿੱਤਾ; ਨਹਮਯਾਹ ਨੇ ਇਸ ਨੂੰ ਫੇਰ ਤੋਂ ਬਣਾਇਆ। ਬਰਬਾਦੀ ਯਹੂਦਾ ਉੱਤੇ ਆਈ ਸੀ ਕਿਉਂ ਜੋ ਲੋਕਾਂ ਨੇ ਆਪਣੇ ਨਾਲ ਬੰਨ੍ਹੇ ਗਏ ਖ਼ੁਦਾ ਦੇ ਨੇਮ ਨੂੰ ਤੋੜ ਦਿੱਤਾ ਸੀ; ਨਹਮਯਾਹ ਦੀ ਅਗਵਾਈ ਹੇਠ ਉਨ੍ਹਾਂ ਨੇ ਉਸ ਨੇਮ ਨੂੰ ਨਵੇਂ ਸਿਰਿਉਂ ਬੰਨ੍ਹਿਆ। ਲਿਖਤ ਦੱਸਦੀ ਹੈ ਕਿ ਉਹੀ ਖ਼ੁਦਾ ਜਿਸ ਨੇ ਆਪਣੇ ਲੋਕਾਂ ਨੂੰ ਸਜ਼ਾ ਦਿੱਤੀ ਸੀ ਉਨ੍ਹਾਂ ਨੂੰ ਉਹ ਸਭ ਫੇਰ ਤੋਂ ਮੋੜ ਦਿੰਦਾ ਹੈ ਜਿਹੜਾ ਉਸ ਨੇ ਉਨ੍ਹਾਂ ਤੋਂ ਖੋਹਿਆ ਸੀ।[29]

ਮਹੱਤਵ

ਅਜ਼ਰਾ ਦੀ ਕਿਤਾਬ ਅੱਜ ਵੀ ਸਿੱਖਿਆ ਦਿੰਦੀ ਹੈ। ਅੱਜ ਦੇ ਲੋਕਾਂ ਲਈ ਇਹ ਵਿਖਾਉਂਦੀ ਹੈ ਕਿ (1) ਸਿੱਖਣ ਅਤੇ ਖ਼ੁਦਾ ਦੇ ਹੁਕਮਾਂ ਮੁਤਾਬਕ ਚੱਲਣ ਦੀ ਅਹਿਮੀਅਤ ਕੀ ਹੈ; (2) ਕਿ ਖ਼ੁਦਾ ਆਪਣੇ

ਮਕਸਦਾਂ ਨੂੰ ਪੂਰਿਆਂ ਕਰਨ ਲਈ ਸਭ ਤੋਂ ਖ਼ਤਰਨਾਕ ਹਾਲਾਤ ਵਿਚ ਆਪਣੇ ਲੋਕਾਂ ਦੇ ਰਾਹੀਂ ਕੰਮ ਕਰ ਸਕਦਾ ਹੈ; (3) ਕਿ ਖ਼ੁਦਾ ਦੂਜਾ ਮੌਕਾ ਦੇਣ ਵਾਲਾ ਖ਼ੁਦਾ ਹੈ। ਜਿਵੇਂ ਖ਼ੁਦਾ ਨੇ ਯਹੂਦਾ ਦੇ ਲੋਕਾਂ ਨੂੰ ਉਨ੍ਹਾਂ ਦੇ ਆਪਣੇ ਦੇਸ਼ ਵਿਚ ਬਰਕਤ ਪਾਉਣ ਦਾ ਦੂਜਾ ਮੌਕਾ ਦਿੱਤਾ ਉਵੇਂ ਹੀ ਉਹ ਸਾਨੂੰ ਪਾਪ ਚੋਂ ਨਿੱਕਲ ਕੇ ਉਸ ਦੀ ਸੇਵਾ ਕਰਨਾ ਸਿੱਖਣ ਦਾ ਦੂਜਾ ਮੌਕਾ ਦਿੰਦਾ ਹੈ, ਜਦ ਤਕ ਸਮਾਂ ਅਤੇ ਜ਼ਿੰਦਗੀ ਹੈ।

ਰੂਪਰੇਖਾਵਾਂ

ਅਜ਼ਰਾ ਦੀ ਕਿਤਾਬ ਨੂੰ ਦੋ ਹਿੱਸਿਆਂ ਵਿਚ ਵੰਡਿਆ ਗਿਆ ਹੈ, ਜਿਸ ਵਿਚ ਹਰੇਕ ਹਿੱਸੇ ਦਾ ਆਪਣਾ ਜ਼ੋਰ ਹੈ:

I. ਅਜ਼ਰਾ 1–6: ਯਹੂਦੀਆਂ ਦੀ ਪਹਿਲੀ ਵਤਨ ਵਾਪਸੀ (538 ਈ.ਪੂ.) ਅਤੇ ਇਸ ਦੇ ਨਤੀਜੇ
II. ਅਜ਼ਰਾ 7–10: ਵਾਧੂ ਲੋਕਾਂ ਨਾਲ ਅਜ਼ਰਾ ਦੀ ਅਗਵਾਈ ਹੇਠ ਵਾਪਸੀ (458 ਈ.ਪੂ.) ਅਤੇ ਉਸ ਵੱਲੋਂ ਸ਼ੁਰੂ ਕੀਤੇ ਸੁਧਾਰ

ਹੋਰ ਵਿਸਤਾਰ ਸਹਿਤ ਰੂਪਰੇਖਾ *ਮਰਸਰ ਡਿਕਸ਼ਨਰੀ ਆਫ਼ ਦ ਬਾਈਬਲ* ਵਿਚਲੀ ਰੂਪਰੇਖਾ ਉੱਤੇ ਅਧਾਰਿਤ ਹੈ:

I. ਯਰੂਸ਼ਲਮ ਵੱਲ ਵਾਪਸੀ ਅਤੇ ਹੈਕਲ ਦੀ ਬਹਾਲੀ (1:1–6:22)
  ੳ. ਕੋਰਸ ਦਾ ਹੁਕਮ (1:1–4)
  ਅ. ਹੈਕਲ ਦੀ ਬਹਾਲੀ ਲਈ ਤੋਹਫ਼ੇ (1:5–11)
  ੲ. ਵਾਪਸ ਆਉਣ ਵਾਲਿਆਂ ਦੀ ਲਿਸਟ (2:1–70)
  ਸ. ਹੈਕਲ ਦੀ ਬਹਾਲੀ (3:1–13)
  ਹ. ਹੈਕਲ ਅਤੇ ਸ਼ਹਿਰ ਦੀ ਬਹਾਲੀ ਦਾ ਵਿਰੋਧ (4:1–24)
  ਕ. ਹੈਕਲ ਦੀ ਬਹਾਲੀ ਦਾ ਪੂਰਾ ਹੋਣਾ (5:1–6:22)
II. ਅਜ਼ਰਾ ਦੀ ਵਾਪਸੀ ਅਤੇ ਸੁਧਾਰ (7:1–10:44)
  ੳ. ਅਜ਼ਰਾ ਗ੍ਰੰਥੀ (7:1–8:36)
  ਅ. ਅਜ਼ਰਾ ਸੁਧਾਰਕ (9:1–10:44)[30]

ਟਿੱਪਣੀਆਂ

[1] *2 ਏਸਡ੍ਰਾਸ (4 ਅਜ਼ਰਾ)* 14.44–48. [2] *ਹਾਰਪਰਸ ਬਾਈਬਲ ਡਿਕਸ਼ਨਰੀ*, ਸੰਪਾ. ਪੌਲ ਜੇ. ਐਕਟੇਮੀਅਰ (ਸੈਨ ਫ਼੍ਰਾਂਸਿਸਕੋ: ਹਾਰਪਰ & ਰੋ, 1985), 296 ਵਿਚ ਪੀਟਰ ਆਰ. ਏਕ੍ਰੋਇਡ, ''ਅਜ਼ਰਾ।'' [3] ਇਨ੍ਹਾਂ ਦੋ ਕਿਤਾਬਾਂ ਦਾ ਅੰਦਰੂਨੀ ਸਬੂਤ ਇਹ ਸੁਝਾਅ ਦਿੰਦਾ ਹੈ ਕਿ ਉਹ ਵੱਖੋ ਵੱਖ ਸਨ ਜਿਨ੍ਹਾਂ ਨੂੰ ਬਾਅਦ ਵਿੱਚ ਜੋੜ ਦਿੱਤਾ ਗਿਆ। (ਐਡਵਿਨ ਐੱਮ. ਯਾਮੋਚੀ, ''ਅਜ਼ਰਾ– ਨਹਮਯਾਹ।'' ਵਿਚ *ਦ ਐਕਸਪੋਜ਼ਿਟਰ'ਜ਼ ਬਾਈਬਲ ਕਮੈਂਟਰੀ*, ਅੰਕ. 4, *1 ਰਾਜਿਆਂ–ਅੱਯੂਬ*, ਸੰਪਾ. ਫ਼੍ਰੈਂਕ ਈ. ਗੇਬਲਾਇਨ [ਗ੍ਰੈਂਡ ਰੈਪਿਡਸ, ਮਿਸ਼ਿਗਨ: ਜ਼ੌਂਡਰਵਨ ਪਬਲੀਸ਼ਿੰਗ ਹਾਊਸ, 1988], 572–73.) ਸੀ. ਐੱਫ਼. ਕੇਲ ਨੇ ਸੁਝਾਅ ਦਿੱਤਾ ਕਿ ਅਜ਼ਰਾ ਪਹਿਲਾਂ ਨਹਮਯਾਹ ਨਾਲੋਂ ਵੱਖਰੀ ਸੀ ਅਤੇ ਇਬਰਾਨੀ ਬਾਈਬਲ ਵਿਚ ਇਨ੍ਹਾਂ ਦੋਹਾਂ ਕਿਤਾਬਾਂ ਨੂੰ ਜੋੜ ਦਿੱਤਾ ਗਿਆ ਸੀ, ਤਾਂ ਜੋ ਇਬਰਾਨੀ ਵਰਣਮਾਲਾ ਦੇ ਅੱਖਰਾਂ ਦੀ ਗਿਣਤੀ ਦੇ ਅਨੁਸਾਰ ਕੈਨਨ ਦੀਆਂ

ਕਿਤਾਬਾਂ ਦੀ ਗਿਣਤੀ ਬਰਾਬਰ ਹੋ ਜਾਏ। (ਸੀ. ਐੱਫ਼. ਕੇਲ, *ਦ ਬੁਕ ਆਫ਼ ਅਜ਼ਰਾ, ਨਹਮਯਾਹ, ਐਂਡ ਅਸਤਰ*, ਅਨੁ. ਸੋਫ਼ੀਆ ਟੇਲਰ, ਬਿਬਲੀਕਲ ਕਮੈਂਟਰੀ ਆਨ ਦ ਓਲਡ ਟੈਸਟਾਮੈਂਟ [ਗ੍ਰੈਂਡ ਰੈਪਿਡਸ, ਮਿਸ਼ਿਗਨ: ਡਬਲਯੂ. ਵਿਲੀਅਮ ਬੀ. ਈਰਡਮੈਂਜ਼ ਪਬਲੀਸ਼ਿੰਗ ਕੰ., ਮਿਤੀ ਨਹੀਂ], 6–7.) [4]ਗਲੇਸਨ ਐੱਲ. ਆਰਚਰ, ਜੂਨੀ., *ਏ ਸਰਵੇ ਆਫ਼ ਓਲਡ ਟੈਸਟਾਮੈਂਟ ਇੰਟ੍ਰੋਡਕਸ਼ਨ*, ਸੋਧ ਅਤੇ ਵਿਸਤਾਰ (ਸ਼ਿਕਾਗੋ: ਮੂਡੀ ਪ੍ਰੈੱਸ, 2007), 389. [5]ਜੋਸੇਫ਼ਸ ਦੇ ਲੇਖਾਂ ਵਿੱਚ ਦਿੱਤੀਆਂ ਗਈਆਂ ਇਹ ਪ੍ਰਮਾਣਿਕ ਕਿਤਾਬਾਂ ਦੀ ਸੰਖਿਆ ਦੁਆਰਾ ਸੰਕੇਤ ਕੀਤਾ ਗਿਆ ਹੈ (*ਅਗੇਂਸਟ ਅਪਿਓਨ* 1.8), ਅਤੇ ਇਸ ਨੂੰ ਟਾਲਮੁਡ ਵਿੱਚ ਵਧੇਰੇ ਸਪੱਸ਼ਟ ਕੀਤਾ ਗਿਆ ਹੈ (*ਸਨਹੇਡ੍ਰਿਨ* 93ਬੀ; ਵੇਖੋ *ਬਾਬਾ ਬਾਥਰਾ* 14ਬੀ)। ਪੁਰਾਣੇ ਸਮੇਂ ਦੇ ਯਹੂਦੀ ਇਨ੍ਹਾਂ ਸਭ ਦਾ ਜ਼ਿਕਰ ''ਅਜ਼ਰਾ'' ਵਜੋਂ ਕਰਦੇ ਹਨ (ਯੂਸਬਿਉਸ *ਇਕਲੇਸਿਅਸਟਿਕਲ ਹਿਸਟਰੀ* 4.26)। [6]''ਅਪੋਕ੍ਰਿਫ਼ਾ'' ਨਾਮ ਗੈਰ–ਕੈਨਨੀ ਲਿਖਤਾਂ ਦੇ ਸੰਗ੍ਰਹਿ ਵਿਚ ਦਿੱਤਾ ਗਿਆ ਹੈ ਜਿਹੜੀਆਂ ਕੈਥੋਲਿਕ ਬਾਈਬਲ ਵਿਚ ਤਾਂ ਮਿਲਦੀਆਂ ਹਨ ਪਰ ਦੂਜੀਆਂ ਬਾਈਬਲਾਂ ਵਿਚ ਨਹੀਂ। ਉਹ ਇਬਰਾਨੀ ਬਾਈਬਲ ਦੇ ਪੂਰਾ ਹੋਣ ਤੋਂ ਬਾਅਦ ਦੀਆਂ ਹਨ ਅਤੇ ਉਨ੍ਹਾਂ ਨੂੰ ਕਦੇ ਇਸ ਦਾ ਹਿੱਸਾ ਨਹੀਂ ਮੰਨਿਆ ਗਿਆ। ਇਸ ਕਰਕੇ ਉਨ੍ਹਾਂ ਨੂੰ ਪਰਮੇਸ਼ੁਰ ਦੀ ਪ੍ਰੇਰਣਾ ਨਾਲ ਦਿੱਤੀ ਲਿਖਤ ਦਾ ਹਿੱਸਾ ਨਹੀਂ ਮੰਨਿਆ ਜਾਂਦਾ (2 ਤਿਮੋਥਿਉਸ 3:16, 17)। ''ਅਪੋਕ੍ਰਿਫ਼ਾ'' ਸ਼ਬਦ ਦਾ ਅਰਥ ਕੁਝ ਕੁਝ ''ਗੁਪਤ'' ਵਰਗਾ ਹੈ ਅਤੇ ਇਹ ਸੁਝਾਅ ਦਿੰਦਾ ਹੈ ਕਿ ਇਹ ਕਿਤਾਬਾਂ ਅਪ੍ਰਮਾਣਿਕ ਜਾਂ ਜਾਅਲੀ ਹਨ। ਦੂਜੇ ਸ਼ਬਦਾਂ ਵਿਚ ਉਹ ਪੁਰਾਣੇ ਨੇਮ ਦੇ ਕੈਨਨ ਦੀਆਂ ਕਿਤਾਬਾਂ ਲਗ ਸਕਦੀਆਂ ਹਨ ਪਰ ਅਸਲ ਵਿਚ ਹੈ ਨਹੀਂ ਹਨ। ਉਸ ਭਾਵਅਰਥ ਤੋਂ ਬਚਣ ਲਈ ਕਈ ਵਾਰ ਉਨ੍ਹਾਂ ਨੂੰ ''ਅਪੋਕ੍ਰਿਫ਼ਾ'' (ਅਪ੍ਰਮਾਣਿਕ) ਦੀ ਬਜਾਇ ''ਡਿਊਟਰੋਕੈਨਨ'' (ਭਾਵ ਦੂਜਾ ਕੈਨਨ) ਨਾਂਅ ਦਿੱਤਾ ਜਾਂਦਾ ਹੈ। [7]*ਦ ਨਿਊ ਆਕਸਫ਼ੋਰਡ ਐਨੋਟੇਟਡ ਬਾਈਬਲ ਵਿਦ ਦ ਅਪੋਕ੍ਰਿਫਲ/ਡਿਊਟਰੋਕੈਨਨ ਬੁਕਸ* (ਨਿਊ ਯਾਰਕ: ਆਕਸਫ਼ੋਰਡ ਯੂਨੀਵਰਸਿਟੀ ਪ੍ਰੈੱਸ, 1991), 259ਏਪੀ ਵਿਚ ਬਰੂਸ ਐੱਮ. ਮੈਜ਼ਗਰ ਐਂਡ ਰੋਨਲਡ ਈ. ਮਰਫੀ, ਐਡ., ''ਇੰਟ੍ਰੋਡਕਸ਼ਨ ਟੂ 1 ਏਸਡ੍ਰਾਸ।'' [8]1 ਏਸਡ੍ਰਾਸ ਦੀ ਕਿਤਾਬ ਸਪਤਤੀ (LXX) ਅਨੁਵਾਦ ਵਿਚ ਮਿਲਣ ਵਾਲੇ ਇਤਹਾਸ, ਅਜ਼ਰਾ, ਨਹਮਯਾਹ ਦੇ ਯੂਨਾਨੀ ਅਨੁਵਾਦ ਨਾਲੋਂ ਫ਼ਰਕ ਹੈ। ਜ਼ਾਹਿਰ ਤੌਰ ਤੇ ਜੋਸੇਫ਼ਸ ਨੇ ਸਰੋਤ ਦੇ ਰੂਪ ਵਿਚ ਅਜ਼ਰਾ ਨਾਲੋਂ 1 ਏਸਡ੍ਰਾਸ ਨੂੰ ਪਹਿਲ ਦਿੱਤੀ ਜਦ ਉਸਨੇ ਅਸੀਰੀ ਦੇ ਬਾਅਦ ਦੇ ਕਾਲ ਦਾ ਇਤਹਾਸ ਲਿਖਿਆ ਕਿਉਂ ਜੋ ਇਹ ਵਧੇਰੇ ਭਰੋਸੇਯੋਗ ਸੀ। (ਆਰ. ਕੇ. ਹੈਰਿਸਨ, *ਇੰਟ੍ਰੋਡਕਸ਼ਨ ਟੂ ਦ ਓਲਡ ਟੈਸਟਾਮੈਂਟ* [ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਜ਼ ਪਬਲੀਸ਼ਿੰਗ ਕੰ., 1969], 1194–95.) [9]ਐੱਚ. ਜੀ. ਐੱਮ. ਵਿਲੀਅਮਸਨ ਨੇ ਸਪੱਸ਼ਟ ਕੀਤਾ ਕਿ 1 ਏਸਡ੍ਰਾਸ ''ਮੁੱਖ ਤੌਰ ਤੇ 2 ਇਤਹਾਸ 35–36; ਅਜ਼ਰਾ; ਅਤੇ ਨਹਮਯਾਹ 8:1–13 ਦਾ ਯੂਨਾਨੀ ਅਨੁਵਾਦ ਹੈ'' (ਐੱਚ. ਜੀ. ਐੱਮ. ਵਿਲੀਅਮਸਨ, *ਅਜ਼ਰਾ, ਨਹਮਯਾਹ,* ਵਰਡ ਬਿਬਲੀਕਲ ਕਮੈਂਟਰੀ, ਅੰਕ. 16 [ਵਾਕੋ, ਟੈਕਸਸ: ਵਰਡ ਬੁਕਸ, 1985], xxii)। [10]ਦੁਹਰਾਈਆਂ ਗਈਆਂ ਹੋਰ ਸਮਾਨਤਾਵਾਂ ਵਿਚ ਸਾਂਝੀਆਂ ਆਇਤਾਂ, ਸਾਂਝੇ ਸ਼ਬਦ ਅਤੇ ਵਿਸ਼ੇ (''ਸੂਚੀਆਂ ਦਾ ਸ਼ੌਕ,'' ''ਧਾਰਮਿਕ ਪਰਬਾਂ ਦੇ ਵਰਣਨ ਲਈ'' ਅਤੇ ''ਲੇਵੀਆਂ ਤੇ ਹੈਕਲ ਦੇ ਅਧਿਕਾਰੀਆਂ ਦੀ ਵਿਸ਼ੇਸ਼ਤਾ'' ਦੇ ਨਾਲ ਨਾਲ ਕੁਝ ਵਾਕ ਰਾਹੀਂ) ਅਤੇ ਸਾਂਝੀ ਥਿਓਲੋਜੀ (ਯਾਮੋਚੀ, 575–76) ਹਨ। ਦੋਹਾਂ ਪੁਸਤਕਾਂ ਵਿਚਕਾਰ ਮਹੱਤਵਪੂਰਣ ਫ਼ਰਕ ਵੀ ਸਪੱਸ਼ਟ ਹਨ। (ਲੈਸਲੀ ਸੀ. ਐਲਨ ਐਂਡ ਤਿਮੋਥੀ ਐੱਸ. ਲੇਨਿਆਕ, *ਅਜ਼ਰਾ, ਨਹਮਯਾਹ, ਅਸਤਰ*, ਨਿਊ ਇੰਟਰਨੈਸ਼ਨਲ ਬਾਈਬਲ ਕਮੈਂਟਰੀ [ਪੀਬੌਡੀ, ਮੈਸਾਚੁਸੇਟਸ: ਹੈਂਡ੍ਰਿਕਸਨ ਪਬਲੀਸ਼ਰਜ਼, 2003], 9.)

[11]ਹੈਨਰੀ ਐੱਚ. ਹੈਲੀ, *ਹੈਲੀ'ਸ ਬਾਈਬਲ ਹੈਂਡਬੁਕ,* 24ਵਾਂ ਸੰਸਾ. (ਗ੍ਰੈਂਡ ਰੈਪਿਡਸ, ਮਿਸ਼ਿਗਨ: ਜ਼ੌਂਡਰਵਨ ਪਬਲੀਸ਼ਿੰਗ ਹਾਊਸ, 1965), 235. [12]ਹੈਰਿਸਨ, 1150. ਹੋਰਨਾਂ ਨੇ ਅਜ਼ਰਾ/ਨਹਮਯਾਹ ਦੀ ਮਿਤੀ ਚੌਥੀ ਸਦੀ ਈ.ਪੂ. ਜਾਂ ਇਸ ਤੋਂ ਬਾਅਦ ਦੀ ਦੱਸੀ ਹੈ। ਕੀਥ ਐੱਨ. ਸ਼ੋਵਿੱਲ ਦਾ ਮੰਨਣਾ ਸੀ ਕਿ ਉੱਤਮ ਪੁਰਖ ਵਾਲੇ ਭਾਗ 400 ਈ.ਪੂ. ਦੇ ਲਗਭਗ ਲਿਖੇ ਗਏ ਸਨ ਅਤੇ 300 ਈ.ਪੂ. ਦੇ ਲਗਭਗ ਤਕ, ਸਿੰਕਦਰ ਮਹਾਨ ਦੀਆਂ ਜਿੱਤਾਂ ਦੇ ਬਾਅਦ ਤਕ ''ਯਰੂਸ਼ਲਮ ਅਤੇ ਯਹੂਦਾਹ ਵਿਚ ਯਹੂਦੀ ਸਮਾਜ ਦੇ

ਲਾਭ ਲਈ ਸੰਕਲਿਤ'' ਨਹੀਂ ਕੀਤੇ ਗਏ ਸਨ। (ਕੀਥ ਐੱਨ. ਸ਼ੋਵਿੱਲ, *ਅਜ਼ਰਾ–ਨਹਮਯਾਹ,* ਦ ਕਾਲਜ ਪ੍ਰੈੱਸ NIV ਕਮੈਂਟਰੀ [ਜੋਪਲਿਨ, ਮਿਜ਼ੋਰੀ: ਕਾਲਜ ਪ੍ਰੈੱਸ ਪਬਲੀਸ਼ਿੰਗ ਕੰ., 2001], 27–28)। ਪਰ ਇਹ ਲਗਦਾ ਨਹੀਂ ਹੈ ਕਿ ਇਨ੍ਹਾਂ ਵਿੱਚੋਂ ਕੋਈ ਵੀ ਕਿਤਾਬ ਚੌਥੀ ਸਦੀ ਈ.ਪੂ. ਦੇ ਸ਼ੁਰੂ ਦੇ ਬਹੁਤਾ ਬਾਅਦ ਵਿਚ ਲਿਖੀ ਗਈ ਹੋਵੇ। ਇਹ ਨਿਚੋੜ ਕੱਢਣ ਦੀ ਕਿ ਇਤਹਾਸ ਦੀ ਕਿਤਾਬ ਅਜ਼ਰਾ/ਨਹਮਯਾਹ ਨਾਲੋਂ ਬਾਅਦ ਵਿਚ ਲਿਖੀ ਗਈ ਸੀ ਇਕ ਦਲੀਲ ਇਹ ਹੈ ਕਿ ਇਸ ਨੂੰ ਇਬਰਾਨੀ ਬਾਈਬਲ ਵਿਚ ਦੋਹਾਂ ਕਿਤਾਬਾਂ ਤੋਂ ਬਾਅਦ ਰੱਖਿਆ ਗਿਆ ਹੈ। [13]''ਕਿਤਾਬ'' ਵਿਚ ਅਜ਼ਰਾ ਦੀ ਕਿਤਾਬ ਦੇ ਨਾਲ ਨਾਲ ਨਹਮਯਾਹ ਦੀ ਕਿਤਾਬ ਵੀ ਹੋ ਸਕਦੀ ਹੈ। [14]*ਦ ਵਿਕਲਿਫ਼ ਬਾਈਬਲ ਕਮੈਂਟਰੀ,* ਸੰਪਾ. ਚਾਰਲਸ ਐੱਫ. ਫੀਫਰ ਐਂਡ ਐਵਰੇਟ ਐੱਫ. ਹੈਰੀਸਨ (ਸ਼ਿਕਾਗੋ: ਮੂਡੀ ਪ੍ਰੈੱਸ, 1962), 423 ਵਿਚ ਜੌਨ ਸੀ. ਵ੍ਹਿਟਕੌਂਬ, ਜੂਨੀ., ''ਅਜ਼ਰਾ।'' [15]ਅਰਾਮੀ ''ਇਬਰਾਨੀ ਨਾਲ ਬਹੁਤ ਮਿਲਦੀ ਜੁਲਦੀ ਉੱਤਰ ਪੱਛਮ ਦੀ ਸਾਮੀ ਭਾਸ਼ਾ ਹੈ।'' ਮਸੀਹ ਤੋਂ ਪਹਿਲਾਂ ਦੇ ਪਹਿਲੇ ਹਜ਼ਾਰੇ ਦੇ ਦੂਜੇ ਅੱਧ ਦੇ ਜ਼ਿਆਦਾਤਰ ਹਿੱਸੇ ਲਈ ਇਹ ''ਪ੍ਰਾਚੀਨ ਨੇੜਲੇ ਪੂਰਬ ਵਿਚ ਗੱਲਬਾਤ ਕਰਨ ਅਤੇ ਕੂਟਨੀਤੀ ਦੀ ਅੰਤਰਰਾਸ਼ਟਰੀ ਭਾਸ਼ਾ'' ਅਤੇ ਨਵੇਂ ਨੇਮ ਦੇ ਸਮਿਆਂ ਦੌਰਾਨ ''ਬੋਲੀ ਜਾਣ ਵਾਲੀ ਪ੍ਰਮੁੱਖ ਭਾਸ਼ਾ'' ਸੀ। (*ਈਰਡਮੈਂਜ਼ ਡਿਕਸ਼ਨਰੀ ਆਫ਼ ਦ ਬਾਈਬਲ,* ਸੰਪਾ. ਡੇਵਿਡ ਨੋਇਲ ਫ੍ਰੀਡਮੈਨ [ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਜ਼ ਪਬਲੀਸ਼ਿੰਗ ਕੰ., 2000], 84 ਵਿਚ ਐੱਫ਼. ਡਬਲਯੂ. ਡੌਬਜ਼ਐਲਸੋਪ, ''ਅਰੈਮਿਕ।'') [16]ਪੁਰਾਣੇ ਨੇਮ ਦੇ ਹੋਰ ਅਰਾਮੀ ਭਾਸ਼ਾ ਵਾਲੇ ਭਾਗ, ਉਤਪਤ 31:47; ਯਿਰਮਿਯਾਹ 10:11; ਬਿਵਸਥਾ ਸਾਰ 2:4–7:28 ਵਿਚ ਮਿਲਦੇ ਹਨ। [17]ਕਈ ਤਾਂ ਇਹ ਵੀ ਸੁਝਾਅ ਦੇਣਗੇ ਕਿ ਇੱਥੇ ਅਰਤਹਸ਼ਸ਼ਤਾ ਤੀਜੇ ਦੀ ਗੱਲ ਹੋ ਸਕਦੀ ਹੈ, ਜੋ ਅਜ਼ਰਾ ਦੀ ਵਾਪਸੀ ਨੂੰ ਚੌਥੀ ਸਦੀ ਈ.ਪੂ. ਦੇ ਅੱਧ ਵਿਚ ਰੱਖੇਗਾ। [18]ਲੈਸਲੀ ਐੱਲ. ਐਲਨ ਨੇ ਦਾਅਵਾ ਕੀਤਾ ਕਿ ਅੱਜ ਜ਼ਿਆਦਾਤਰ ਵਿਦਵਾਨ ਇਹ ਮੰਨਦੇ ਹਨ ਕਿ ਅਜ਼ਰਾ ਨਹਮਯਾਹ ਦੇ ਜਾਣ ਤੋਂ ਪਹਿਲਾਂ ਯਰੂਸ਼ਲਮ ਵਿਚ ਗਿਆ। (ਐਲਨ ਐਂਡ ਲੇਨਿਆਕ, 8.)। [19]ਡੇਰੇਕ ਕਿਡਨਰ, *ਅਜ਼ਰਾ ਐਂਡ ਨਹਮਯਾਹ,* ਡਾਉਨਰਜ਼ ਗ੍ਰੋਵ, ਦ ਟਿੰਡੇਲ ਓਲਡ ਟੈਸਟਾਮੈਂਟ ਕਮੈਂਟਰੀਜ਼ (ਡਾਉਨਰਜ਼ ਗ੍ਰੋਵ, ਇਲਿਨੋਇ: ਇੰਟਰ–ਵਰਸਿਟੀ ਪ੍ਰੈੱਸ, 1979), 158. [20]ਸੁਲੇਮਾਨ ਦੇ ਮਰਨ ਤੋਂ ਬਾਅਦ ਰਾਜ ਵੰਡਿਆ ਗਿਆ ਸੀ। ਦਸ ਉੱਤਰੀ ਗੋਤਰਾਂ ਨੂੰ ''ਇਸਰਾਏਲ'' ਨਾਂਅ ਦਿੱਤਾ ਗਿਆ ਅਤੇ ਦੋ ਦੱਖਣੀ ਗੋਤਰ ''ਯਹੂਦਾਹ'' ਦੇ ਨਾਂਅ ਨਾਲ ਜਾਣੇ ਗਏ। ਬਾਬਲ ਦੀ ਅਸੀਰੀ (ਦੇਸ਼ ਨਿਕਾਲੇ) ਤੋਂ ਬਾਅਦ ''ਇਸਰਾਏਲ'' ਅਤੇ ''ਯਹੂਦਾਹ'' ਸ਼ਬਦਾਂ ਦੀ ਵਰਤੋਂ ਬਾਬਲ ਤੋਂ ਵਾਪਸ ਆਉਣ ਵਾਲੇ ਖ਼ੁਦਾ ਦੇ ਲੋਕਾਂ ਲਈ ਅਦਲ ਬਦਲ ਕੇ ਕੀਤੀ ਜਾਣ ਲੱਗੀ, ਭਾਵੇਂ ਉਹ ਯਹੂਦਾ ਦੇ ਦੱਖਣੀ ਰਾਜ ਤੋਂ ਕਿਉਂ ਨਾ ਹੋਣ।

[21]''ਬਾਗ਼ੀ ਅਤੇ ਦੁਸ਼ਟ ਸ਼ਹਿਰ'' ਦੇ ਰੂਪ ਵਿਚ ਜਿਹੜਾ ''ਰਾਜਿਆਂ ਦੇ ਖ਼ਿਲਾਫ਼ ਉੱਠ ਖੜਾ ਹੋਇਆ'' ਭਾਵ ਜਿਸ ਵਿਚ ''ਦੰਗਾ ਫਸਾਦ ਕੁੱਟ ਕੁੱਟ ਕੇ ਭਰਿਆ'' (4:12, 19) ਦੇ ਰੂਪ ਵਿਚ ਯਹੂਦੀਆਂ ਅਤੇ ਯਰੂਸ਼ਲਮ ਦੇ ਖ਼ਿਲਾਫ਼ ਲਾਏ ਗਏ ਇਲਜ਼ਾਮਾਂ ਦਾ ਅਧਾਰ ਇਹੀ ਸੀ। [22]ਬਾਅਦ ਵਿਚ, ਗਦਲਯਾਹ ਹਾਕਮ ਦੇ ਕਤਲ ਤੋਂ ਬਾਅਦ, ਬਚੇ ਹੋਏ ਕੁਝ ਯਹੂਦੀ ਆਪਣੇ ਨਾਲ ਯਿਰਮਿਯਾਹ ਨੂੰ ਨਾਲ ਲੈ ਕੇ ਮਿਸਰ ਨੂੰ ਭੱਜ ਗਏ (2 ਰਾਜਿਆਂ 25:25, 26; ਯਿਰਮਿਯਾਹ 41:1, 2; 43:4–7)। [23]ਵਿਰਲਾਪ ਦੀ ਕਿਤਾਬ ਯਰੂਸ਼ਲਮ ਦੀ ਬਰਬਾਦੀ ਉੱਤੇ ਯਿਰਮਿਯਾਹ ਦੇ ਅਫ਼ਸੋਸ ਨੂੰ ਵਿਖਾਉਂਦੀ ਹੈ। [24]ਇਸ ਵਿਚ ਬਿਵਸਥਾ ਸਾਰ ਅਤੇ ਉਸ ਦੇ ਤਿੰਨ ਯਹੂਦੀ ਦੋਸਤ ਸ਼ਾਮਿਲ ਸਨ (ਬਿਵਸਥਾ ਸਾਰ 1–6)। [25]ਬਾਬਲ ਵਿਚ ਯਹੂਦੀਆਂ ਦੀ ਲਗਾਤਾਰ ਮੌਜੂਦਗੀ ਅਤੇ ਯਹੂਦੀ ਗਤੀਵਿਧੀ ਦੇ ਕੇਂਦਰ ਵਜੋਂ ਬਾਬਲ ਦਾ ਮਹੱਤਵ ਇਸ ਗੱਲ ਤੋਂ ਪਤਾ ਲਗਦਾ ਹੈ ਕਿ ਯਹੂਦੀ ਰੀਤਾਂ ਦਾ ਵੱਡਾ ਸੰਗ੍ਰਹਿ ਬਾਬਲ ਦੇ ਟਾਲਮੁਡ ਵਿੱਚੋਂ ਹੀ ਮਿਲਦਾ ਹੈ। ਇਸ ਸੰਗ੍ਰਹਿ ਦਾ ਪੂਰਾ ਹੋਣਾ ਯਹੂਦੀਆਂ ਦੀ ਅਸੀਰੀ ਤੋਂ ਵਾਪਸੀ ਦੇ ਇਕ ਹਜ਼ਾਰ ਤੋਂ ਵੱਧ ਸਾਲਾਂ ਬਾਅਦ, ਛੇਵੀਂ ਜਾਂ ਸਤਵੀਂ ਸਦੀ ਈਸਵੀ ਦਾ ਹੈ। [26]ਅਜ਼ਰਾ 2:64, 65 ਦੇ ਅਨੁਸਾਰ, ''[ਵਾਪਸ ਆਉਣ ਵਾਲਿਆਂ ਦੀ] ਸਾਰੀ ਦੀ ਸਾਰੀ ਸਭਾ ਦੀ ਗਿਣਤੀ 42,360 ਸੀ। ਇਹ ਉਨ੍ਹਾਂ ਦੇ ਟਹਿਲੂਆਂ ਤੇ ਟਹਿਲਣਾਂ ਤੋਂ ਬਿਨਾ ਸੀ ਜਿਨ੍ਹਾਂ ਦੀ ਗਿਣਤੀ 7,337 ਸੀ ਅਤੇ ਉਨ੍ਹਾਂ ਵਿੱਚ 200 ਰਾਗੀ ਤੇ ਰਾਗਣਾਂ ਸਨ।'' [27]ਅੰਤਰ ਜਾਤੀ ਵਿਆਹ ਖ਼ੁਦਾ ਦੇ ਲੋਕਾਂ

ਅਤੇ ਬੁੱਤਪ੍ਰਸਤਾਂ ਵਿਚਕਾਰ ਮੇਲ ਸਨ, ਜਿਨ੍ਹਾਂ ਦੀ ਖ਼ੁਦਾ ਵੱਲੋਂ ਇਸਰਾਏਲੀਆਂ ਦੇ ਵਾਅਦੇ ਦੀ ਧਰਤੀ ਵਿਚ ਵੜਨ ਤੋਂ ਪਹਿਲਾਂ ਮਨਾਹੀ ਕੀਤੀ ਗਈ ਸੀ। ਉਸ ਨੇ ਉਨ੍ਹਾਂ ਨੂੰ ਚਿਤਾਵਨੀ ਦਿੱਤੀ ਸੀ ਕਿ ਬੁੱਤਪ੍ਰਸਤਾਂ ਨਾਲ ਅੰਤਰਵਿਆਹ ਉਨ੍ਹਾਂ ਦੇ ਦਿਲਾਂ ਨੂੰ ਉਸ ਤੋਂ ਫੇਰ ਦੇਣਗੇ ਅਤੇ ਉਨ੍ਹਾਂ ਨੂੰ ਦੂਜੇ ਦੇਵਤਿਆਂ ਦੀ ਸੇਵਾ ਕਰਨ ਵੱਲ ਲਾ ਦੇਣਗੇ (ਬਿਵਸਥਾ ਸਾਰ 7:3, 4)। [28]ਆਪਣੇ ਇਤਹਾਸ ਨੂੰ ਅਗਲੀ ਪੁਸ਼ਤ ਲਈ ਸਾਂਭ ਕੇ ਰੱਖਣ ਵਿਚ ਯਹੂਦੀਆਂ ਦੀ ਦਿਲਚਸਪੀ ਦਾ ਪਤਾ ਹੋਰਨਾਂ ਇਤਹਾਸਕ ਲਿਖਤਾਂ ਤੋਂ ਅਤੇ ਅਜ਼ਰਾ ਦੇ ਲਿਖੇ ਜਾਣ ਵਿਚ ਵਰਤੇ ਜਾਣ ਵਰਗੇ ਦਸਤਾਵੇਜ਼ਾਂ ਨੂੰ ਸੰਭਾਲਣ ਤੋਂ ਲਗਦਾ ਹੈ। [29]ਕੂਚ ਦੀ ਕਿਤਾਬ ਵਾਂਗ, ਇਸਰਾਏਲੀਆਂ ਦੇ ਸੋਨੇ ਦੇ ਵੱਛੇ ਦੀ ਪੂਜਾ ਕਰਨ ਦਾ ਪਾਪ ਕਰਨ ਤੋਂ ਬਾਅਦ (ਕੂਚ 32:4–8), ਖ਼ੁਦਾ ਨੇ ਇਸਰਾਏਲ ਨੂੰ ਸਜ਼ਾ ਦਿੱਤੀ ਅਤੇ ਉਹ ਕੀਤਾ ਉਨ੍ਹਾਂ ਦੀ ਪਹਿਲਾਂ ਵਾਲੀ ਹਾਲਤ ਵਿਚ ਬਹਾਲ ਕਰਨ ਲਈ ਜ਼ਰੂਰੀ ਸੀ। ਅਜ਼ਰਾ ਅਤੇ ਨਹਮਯਾਹ ਉੱਤੇ ਫ੍ਰੈਡਰਿਕ ਕਾਰਲਸ ਹੋਮਗ੍ਰੇਨ ਦੇ ਟੀਕਾ ਦਾ ਸਿਰਲੇਖ *ਇਜ਼ਰਾਏਲ ਅਲਾਈਵ ਅਗੇਨ* ਇਨ੍ਹਾਂ ਕਿਤਾਬਾਂ ਦੇ ਵਿਸ਼ੇ ਦਾ ਸਹੀ ਸਹੀ ਵਰਣਨ ਕਰਦਾ ਹੈ। ਹੋਮਗ੍ਰੇਨ ਨੇ ਲਿਖਿਆ, ''ਸਾਡੇ ਲੇਖਕ ਦਾ ਧਿਆਨ ਲੇਖਕ ਦੇ ਸਮਾਜ ਦੀ ਸਥਾਪਨਾ ਬਾਰੇ ਹੈ ਜੋ ਦੇਸ਼ ਵਿਚ ਯਾਹਵੇਹ ਦੇ ਲੋਕਾਂ ਲਈ ਇਕ ਨਵੀਂ ਸ਼ੁਰੂਆਤ ਹੈ'' (ਫ੍ਰੈਡਰਿਕ ਕਾਰਲਸਨ ਹੋਮਗ੍ਰੇਨ, *ਇਜ਼ਰਾਏਲ ਅਲਾਈਵ ਅਗੇਨ: ਏ ਕਮੈਂਟਰੀ ਆਨ ਦ ਬੁਕਸ ਆਫ਼ ਅਜ਼ਰਾ ਐਂਡ ਨਹਮਯਾਹ*, ਇੰਟਰਨੈਸ਼ਨਲ ਥਿਓਲੋਜੀਕਲ ਕਮੈਂਟਰੀ [ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਜ਼ ਪਬਲੀਸ਼ਿੰਗ ਕੰ., 1987], 36)। [30]*ਮਰਸਰ ਡਿਕਸ਼ਨਰੀ ਆਫ਼ ਦ ਬਾਈਬਲ,* ਸੰਪਾ. ਵਾਟਸਨ ਈ. ਮਿਲਜ਼ (ਮੇਕਨ, ਜੌਰਜੀਆ: ਮਰਸਰ ਯੂਨੀਵਰਸਿਟੀ ਪ੍ਰੈੱਸ, 1990), 286 ਵਿਚ ਡੇਵਿਡ ਸਮਿਥ ''ਅਜ਼ਰਾ, ਬੁਕ ਆਫ਼।''